# ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

## ਐਪੀਸੋਡ ੧੧: ਅਹੰ ਤਵਮ (ਤੋਹੀ ਮੋਹੀ)

'ਅਹੰ ਤਵਮ', 'ਤੋਹੀ ਮੋਹੀ' ਵਹਿਦਤਵਾਦੀ ਹੁਨਰਮੰਦੀ ਦਾ ਅਡੋਲ ਜਜ਼ਬਾ ਹੈ ਜੋ ਕਿਸੇ ਨੂੰ ਅਜਨਬੀ ਨਹੀਂ ਜਾਣਦਾ। 'ਧਨਾਸਰੀ' ਵਿੱਚ ਗੁਰੂ ਨਾਨਕ ਨਾਗਿਆਂ ਨਾਲ ਦੋਸਤੀ ਕਰਦੇ ਹਨ।

ਜੋ ਰਤੇ ਸਹਿ ਆਪਣੈ ਤਿਨ ਭਾਵੈ ਸਭੁ ਕੋਇ॥
(ਰਾਗ ਵਡਹੰਸ, ਗੁਰੂ ਨਾਨਕ)

ਜੋ ਕੁਦਰਤ ਦੇ ਹੁਕਮ ਵਿੱਚ ਇੱਕਸੁਰ ਹਨ, ਉਨ੍ਹਾਂ ਨੂੰ ਕੁਦਰਤ ਦੀ ਹਰ ਸ਼ੈਅ ਭਾਉਂਦੀ ਹੈ।
(ਰਾਗ ਵਡਹੰਸ, ਗੁਰੂ ਨਾਨਕ)

ਗੁਰੂ ਨਾਨਕ ਨੇ ਆਖਿਆ ਕਿ ਕਿਸੇ ਖ਼ਸੂਸੀ ਕਾਰਨ ਤਹਿਤ ਕਿਸੇ ਸ਼ੈਅ ਨਾਲ ਮੋਹ ਦੁੱਖ ਦਾ ਸਬੱਬ ਬਣਦਾ ਹੈ। ਉਹ ਸੁਝਾਉਂਦੇ ਹਨ ਕਿ ਬਖ਼ਸ਼ਿਸ਼ਾਂ ਦਾ ਅਹਿਸਾਸ ਕਰਨ ਲਈ ਹਰ ਉਸ ਕਾਰਨ ਤੋਂ ਵਿਛੋੜਾ ਲਾਜ਼ਮੀ ਹੈ ਜੋ ਸੁੱਖ ਜਾਂ ਦੁੱਖ ਦਾ ਸਬੱਬ ਬਣਦਾ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਗੋਵਾਹਾਟੀ ਤੋਂ ਬ੍ਰਹਮਪੁੱਤਰ ਨਦੀ ਦੇ ਨਾਲ-ਨਾਲ ਧਨਸਿਰੀ ਵਾਦੀ ਦੇ ਗੋਲਾਘਾਟ ਦਾ ਸਫ਼ਰ ਕੀਤਾ। ਇਸ ਤੋਂ ਬਾਅਦ ਉਹ ਜੈਂਤੀਆ ਪਹਾੜਾਂ ਵਿੱਚੋਂ ਲੰਘਦੇ ਹੋਏ ਸਲਹਟ ਅਤੇ ਕੋਲਕਾਤਾ ਗਏ। ਪਹਿਲਾਂ ਉਨ੍ਹਾਂ ਨੇ ਗੋਹਾਟੀ ਤੋਂ ਗੋਲਾਘਾਟ ਦਾ ਸਫ਼ਰ ਸ਼ੁਰੂ ਕੀਤਾ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਅਸੀਂ ਗੋਹਾਟੀ ਤੋਂ ਗੋਲਾਘਾਟ ਜਾ ਰਹੇ ਹਾਂ। ਮੁਕਾਮੀ ਬਿਰਾਦਰੀ ਨਾਲ ਸੰਵਾਦ ਲਈ ਅਸੀਂ ਰਾਹ ਵਿੱਚ ਨਗਾਂਓਂ ਵਿਖੇ ਪੜਾਅ ਕੀਤਾ ਹੈ।

ਪੰਦਰ੍ਹਵੀਂ ਸਦੀ ਵਿੱਚ 'ਅਸਾ' ਇਲਾਕੇ ਵਿੱਚ ਅਹੋਮ ਰਾਜਿਆਂ ਦਾ ਰਾਜ ਸੀ। ਹੁਣ ਇਹ ਇਲਾਕਾ ਇੰਡੀਆ ਦੇ ਸੂਬੇ ਆਸਾਮ ਵਿੱਚ ਪੈਂਦਾ ਹੈ। ਅਹੋਮ 'ਸ਼ਕਤੀ' ਦੇ ਉਪਾਸਕ ਸਨ।

ਨਗਾਂਓਂ ਵਿੱਚ ਆਸਾਮੀ ਮੂਲ ਦੇ ਤਕਰੀਬਨ ੪੦੦੦ ਸਿੱਖ ਆਬਾਦ ਹਨ। ਇਨ੍ਹਾਂ ਦਾ ਦਾਅਵਾ ਹੈ ਕਿ ਇਹ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਦੇ ਉਨ੍ਹਾਂ ਫ਼ੌਜੀਆਂ ਦੀ ਆਲ-ਔਲਾਦ ਹਨ ਜੋ ਸੰਨ ੧੮੦੦ ਵਿੱਚ ਆਸਾਮ ਆਏ ਸਨ। ਸਮੇਂ ਦੇ ਨਾਲ ਆਸਾਮੀ ਮੂਲ ਦੇ ਲੋਕਾਂ ਨੇ ਗੁਰੂ ਨਾਨਕ ਦੇ ਫ਼ਲਸਫ਼ੇ ਨੂੰ ਅਪਣਾਇਆ।

**ਰਾਮ ਸਿੰਘ:** ਗੁਰੂ ਨਾਨਕ ਦੇਵ ਜੀ ਧਰਮ ਪ੍ਰਚਾਰ ਲਈ ਆਸਾਮ ਆਏ ਸਨ। ਗੁਰੂ ਨਾਨਕ ਦੀਆਂ ਸਿੱਖਿਆਵਾਂ ਮੁਤਾਬਕ ਅਸੀਂ ਨੇਮ ਨਾਲ ਬਾਣੀ ਪੜ੍ਹਦੇ ਹਾਂ। ਇਮਾਨਦਾਰੀ ਵਾਲੀ ਜ਼ਿੰਦਗੀ ਬਸਰ ਕਰਦੇ ਹਾਂ। ਕਿਰਤ ਕਰਦੇ ਹਾਂ ਅਤੇ ਆਪਣੀ ਨੇਕ ਕਮਾਈ ਵਿੱਚੋਂ ਬੇਘਰਿਆਂ ਅਤੇ ਗ਼ਰੀਬ-ਗੁਰਬੇ ਦੀ ਇਮਦਾਦ ਕਰਦੇ ਹਾਂ।

ਅਸੀਂ ਸਾਰੇ ਆਸਾਮੀ ਸਿੱਖ ਬਰਕੋਲਾ ਵਿੱਚ ਰਹਿੰਦੇ ਹਾਂ। ਅਸੀਂ ਆਸਾਮੀ ਤਹਿਜ਼ੀਬ ਵਿੱਚ ਰਚੇ-ਮਿਚੇ ਹਾਂ ਪਰ ਮਜ਼ਹਬ ਦੇ ਮਾਮਲੇ ਵਿੱਚ ਗੁਰੂ ਨਾਨਕ ਦੇ ਸਚੇ ਸਿੱਖ ਹਾਂ।

ਨਗਾਂਓਂ ਵਿੱਚ ਅਸੀਂ ਮਹਾਪੁਰਸ਼ ਸ੍ਰੀਮੰਤਾ ਸੰਕਰਾਦੇਵਾ ਦੇ ਮੰਦਿਰ ਜਾ ਰਹੇ ਹਾਂ, ਇਹ ਮੰਦਿਰ ਉਨ੍ਹਾਂ ਦੇ ਜਨਮ ਅਸਥਾਨ ਬੋਰਦੋਆ ਵਿੱਚ ਹੈ।

('ਗੁਨੋਮਾਲਾ' ਗ੍ਰੰਥ ਦਾ ਗਾਇਨ)

ਮਹਾਪੁਰਸ਼ ਸ੍ਰੀਮੰਤਾ ਸੰਕਰਾਦੇਵਾ ਪੰਦਰ੍ਹਵੀਂ ਸਦੀ ਵਿੱਚ ਭਗਤੀ ਲਹਿਰ ਦੇ ਤਰਜ਼ਮਾਨ ਸਨ ਅਤੇ ਗੁਰੂ ਨਾਨਕ ਦੇ ਸਮਕਾਲੀ ਸਨ। ਦੋਵਾਂ ਨੇ ਵਹਿਦਤ ਦੇ ਰਾਹ ਦੀ ਅਦਵੈਤਵਾਦ ਰਾਹੀਂ ਵਕਾਲਤ ਕੀਤੀ ਅਤੇ ਜਾਤ ਦੀ ਸਮਾਜਿਕ ਦਰਜਾਬੰਦੀ ਦੀ ਨਿਖੇਧੀ ਕਰਦੇ ਹੋਏ ਬੇਗ਼ਰਜ਼ ਸੇਵਾ ਦਾ ਪ੍ਰਚਾਰ ਕੀਤਾ।

ਇੱਕ ਸੁੰਦਰ ਆਤਮਾ ਬ੍ਰਹਮ ਦੇ ਕੋਲ ਬੈਠੀ ਹੈ॥
ਅਤੇ ਕਰਤਾਰ ਦੇ ਗੁਣਾਂ ਦਾ ਵਰਣਨ ਕਰ ਰਹੀ ਹੈ॥
(ਮਹਾਪੁਰਸ਼ ਸ੍ਰੀਮੰਤਾ ਸੰਕਰਾਦੇਵਾ)

ਸਾਨੂੰ ਗੁਰੂ ਨਾਨਕ ਦੀ ਨਾਮਲੇਵਾ ਸੰਗਤ ਅਤੇ ਮਹਾਪੁਰਸ਼ ਸ੍ਰੀਮੰਤਾ ਸੰਕਰਾਦੇਵਾ ਦੇ ਪੈਰੋਕਾਰਾਂ ਵਿੱਚ ਕਈ ਅਮਲੀ ਸਮਾਨਤਾਵਾਂ ਨਜ਼ਰ ਆਈਆਂ। ਦੋਵੇਂ ਸ਼ਬਦ, ਕੀਰਤਨ ਅਤੇ ਲੰਗਰ ਉੱਤੇ ਜ਼ੋਰ ਦਿੰਦੇ ਹਨ। ਸਾਨੂੰ ਇਹ ਵੇਖ ਕੇ ਦਿਲਚਸਪ ਅਨੁਭਵ ਹੋਇਆ ਕਿ ਮਹਾਪੁਰਸ਼ ਸ੍ਰੀਮੰਤਾ ਸੰਕਰਾਦੇਵਾ ਦੀ ਬਾਣੀ ਦਾ ਪ੍ਰਕਾਸ਼ ਉਸੇ ਤਰ੍ਹਾਂ ਕੀਤਾ ਜਾਂਦਾ ਹੈ ਜਿਵੇਂ ਗੁਰਦਵਾਰਿਆਂ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਕੀਤਾ ਜਾਂਦਾ ਹੈ।

ਮੁਕਾਮੀ ਲੋਕਧਾਰਾ ਦਾ ਦਾਵਾ ਹੈ ਕਿ ਗੁਰੂ ਨਾਨਕ ਅਤੇ ਮਹਾਪੁਰਸ਼ ਸ੍ਰੀਮੰਤਾ ਸੰਕਰਾਦੇਵਾ ਦੀ ਮੁਲਾਕਾਤ ਇਸ ਇਲਾਕੇ ਵਿੱਚ ਹੋਈ ਸੀ। 'ਜਨਮਸਾਖੀਆਂ' ਵਿੱਚ ਇਨ੍ਹਾਂ ਦੋਵਾਂ ਦੀ ਮੁਲਾਕਾਤ ਬਾਰੇ ਕੋਈ ਜ਼ਿਕਰ ਨਹੀਂ ਆਉਂਦਾ।

**ਡਾ. ਸੰਜੀਬ ਕੁਮਾਰ ਬੋਰਕਾਕੋਤੀ:** ਗੁਰੂ ਨਾਨਕ ਏਕਤਾ ਦੇ ਹਾਮੀ ਸਨ ਅਤੇ ਅਮਨ ਦਾ ਸੁਨੇਹਾ ਦੇਣਾ ਚਾਹੁੰਦੇ ਸਨ। ਜਦੋਂ ਗੁਰੂ ਨਾਨਕ ਨੇ ਉੱਤਰ-ਪੂਰਬੀ ਇੰਡੀਆ ਦੀ ਯਾਤਰਾ ਕੀਤੀ ਤਾਂ ਆਸਾਮ ਦੇ ਨਗਾਂਓਂ ਜ਼ਿਲ੍ਹੇ ਦੇ ਪਿੰਡ ਬੋਰਦੋਆ ਵਿੱਚ ਉਨ੍ਹਾਂ ਦੀ ਸੰਕਰਾਦੇਵਾ ਨਾਲ ਮੁਲਾਕਾਤ ਹੋਈ। ਗੁਰੂ ਸੰਕਰਾਦੇਵਾ ਅਤੇ ਗੁਰੂ ਨਾਨਕ ਦਾ ਨਜ਼ਰੀਆ ਇੱਕ ਸੀ। ਸੰਕਰਾਦੇਵਾ ਨੇ 'ਗੁਨੋਮਾਲਾ' ਵਿੱਚ ਲਿਖਿਆ ਹੈ ਕਿ ਬੁਰੀਆਂ ਸੋਚਾਂ ਤੋਂ ਛੁਟਕਾਰਾ ਪਾਉਣ ਦਾ ਰਾਹ ਇਲਾਹੀ ਸੋਚ-ਵਿਚਾਰ ਹੈ। ਗੁਰੂ ਨਾਨਕ ਨੇ ਵੀ ਜਪੁਜੀ ਸਾਹਿਬ ਵਿੱਚ ਇਹੋ ਲਿਖਿਆ ਹੈ।

ਨਗਾਂਓਂ ਦੀ ਯਾਤਰਾ ਕਰਨ ਤੋਂ ਬਾਅਦ ਅਸੀਂ ਮੁੜ ਕੇ ਗੋਲਾਘਾਟ ਦਾ ਸਫ਼ਰ ਅੱਗੇ ਤੋਰ ਰਹੇ ਹਾਂ।

ਜਦੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਧਨਸਿਰੀ ਵਾਦੀ ਵਿੱਚ ਧਨਸਿਰੀ ਨਦੀ ਦੇ ਕਿਨਾਰੇ ਗੋਲਾਘਾਟ ਪਹੁੰਚੇ ਤਾਂ ਉਨ੍ਹਾਂ ਦੀ ਮੁਲਾਕਾਤ ਮੁਕਾਮੀ ਮੂਲ ਵਾਸੀ ਕਬੀਲਿਆਂ ਦੇ 'ਨਾਗਾ' ਲੋਕਾਂ ਨਾਲ ਹੋਈ।

ਸਮਾਜਿਕ ਅਤੇ ਇਲਾਕਾਈ ਪੱਧਰ ਉੱਤੇ 'ਨਾਗਾ' ਲੋਕ ਕਿਸੇ ਵੀ ਬਾਹਰੋਂ ਆਉਣ ਵਾਲੇ ਨੂੰ ਘੁਸਪੈਠੀਆ ਸਮਝਦੇ ਸਨ ਅਤੇ ਉਸ ਨੂੰ ਆਪਣੀ ਹਿਫ਼ਾਜ਼ਤ ਲਈ ਖ਼ਤਰਾ ਸਮਝਦੇ ਸਨ।

ਨਾਗਾਲੈਂਡ ਦੇ ਲੋਕਾਂ ਨੂੰ ਸਮਝਣ ਲਈ ਅਸੀਂ ਡਾ. ਦਲਜੀਤ ਸਿੰਘ ਸੇਠੀ ਨੂੰ ਮਿਲਨ ਜਾ ਰਹੇ ਹਾਂ।

**ਅਮਰਦੀਪ ਸਿੰਘ:** ਡਾ. ਸੇਠੀ, ਤੁਸੀਂ ਨਾਗਾਲੈਂਡ ਦੇ ਜੰਮ-ਪਲ ਹੋ ਅਤੇ ਆਪਣੀ ਜ਼ਿਆਦਾਤਰ ਜਵਾਨੀ ਇੱਥੇ ਗੁਜ਼ਾਰੀ ਹੈ। ਤੁਸੀਂ ਸਾਨੂੰ ਇਹ ਸਮਝਾਓ ਕਿ ਧਨਸਿਰੀ ਦੇ ਇਲਾਕੇ ਵਿੱਚ ਗੁਰੂ ਨਾਨਕ ਦੀਆਂ ਯਾਤਰਾਵਾਂ ਦੇ ਕੀ ਮਾਅਨੇ ਹਨ।

**ਦਲਜੀਤ ਸਿੰਘ ਸੇਠੀ:** ਇਹ ਇਲਾਕੇ ਬਾਹਰਲੇ ਲੋਕਾਂ ਦੀ ਪਹੁੰਚ ਤੋਂ ਆਮ ਤੌਰ ਉੱਤੇ ਬਾਹਰ ਰਹੇ ਹਨ। ਇਸ ਇਲਾਕੇ ਵਿੱਚ ਸਿਰ ਕਲਮ ਕਰਨ ਦੀ ਰੀਤ ਅਜ਼ਲਾਂ ਤੋਂ ਚਲਦੀ ਆਈ ਹੈ। ਸਰਕਾਰੀ ਕਾਗ਼ਜ਼ਾਂ ਵਿੱਚ ਆਖ਼ਰੀ ਵਾਰ ੧੯੬੩ ਵਿੱਚ ਸਿਰ ਕਲਮ ਕਰਨ ਦੀ ਵਾਰਦਾਤ ਦਰਜ ਹੋਈ ਸੀ। ਸਿਰ ਕਲਮ ਕਰਨ ਵਾਲਾ ਆਖ਼ਰੀ ਕਬੀਲਾ 'ਕੋਨਯਕ' ਹੈ ਜਿਨ੍ਹਾਂ ਦੇ ਮੂੰਹ ਉੱਤੇ ਹੁਣ ਵੀ ਨਿਸ਼ਾਨ ਖੁਣੇ ਹੁੰਦੇ ਹਨ। ਮੂੰਹ ਉੱਤੇ ਜਿੰਨੇ ਨਿਸ਼ਾਨ ਹਨ, ਉਸ ਬੰਦੇ ਨੇ ਓਨੇ ਸਿਰ ਕਲਮ ਕੀਤੇ ਹਨ। ਗੁਰੂ ਨਾਨਕ ਇੱਥੇ ਸਿੱਖ ਧਰਮ ਦੇ ਪ੍ਰਚਾਰ ਲਈ ਨਹੀਂ ਆਏ ਸਨ। ਉਨ੍ਹਾਂ ਦਾ ਸੁਨੇਹਾ ਮਨੁੱਖਤਾ ਦੇ ਏਕੇ ਵਾਲਾ ਸੀ ਜੋ ਇਲਾਕਿਆਂ, ਜਾਤਾਂ ਅਤੇ ਮਜ਼ਹਬਾਂ ਦੀਆਂ ਵੰਡੀਆਂ ਤੋਂ ਉੱਪਰ ਸੀ।

ਜਦੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਵਾਦੀ ਵਿੱਚੋਂ ਲੰਘੇ ਤਾਂ ਉਨ੍ਹਾਂ ਨੂੰ ਮੁਕਾਮੀ ਲੋਕਾਂ ਦੀ ਨਾਖ਼ੁਸ਼ੀ ਦਾ ਸਾਹਮਣਾ ਕਰਨਾ ਪਿਆ।

ਗੁਰੂ ਨਾਨਕ ਨੇ ਰੂਹਾਨੀ ਸੰਵਾਦ ਰਾਹੀਂ 'ਨਾਗਾ' ਲੋਕਾਂ ਨਾਲ ਟਕਰਾਅ ਟਾਲ ਦਿੱਤਾ। ਉਨ੍ਹਾਂ ਨੇ ਮੁਕਾਮੀ ਲੋਕਾਂ ਨੂੰ ਯਕੀਨ ਦਵਾਇਆ ਕਿ ਉਨ੍ਹਾਂ ਦਾ ਮਕਸਦ ਸਿਰਫ਼ ਉਨ੍ਹਾਂ ਨਾਲ ਗੋਸ਼ਟਿ ਕਰਨਾ ਹੈ।

ਡਰੀਐ ਜੇ ਡਰੁ ਹੋਵੈ ਹੋਰੁ॥
ਡਰਿ ਡਰਿ ਡਰਣਾ ਮਨ ਕਾ ਸੋਰੁ॥
(ਰਾਗ ਗਉੜੀ, ਗੁਰੂ ਨਾਨਕ)

ਜੇ ਵਹਿਦਤ ਦੇ ਅਕੀਦੇ ਤੋਂ ਭਟਕ ਜਾਣ ਦਾ ਡਰ ਹੋਵੇ ਤਾਂ ਡਰੋ।
ਜੇ ਡਰ ਦਾ ਡਰ ਹੋਵੇ ਅਤੇ ਖ਼ੌਫ਼ਜ਼ਦਾ ਹੋ ਕੇ ਰਹਿਣਾ ਪਵੇ ਤਾਂ ਮਨ ਬੇਚੈਨ ਰਹਿੰਦਾ ਹੈ।
(ਰਾਗ ਗਉੜੀ, ਗੁਰੂ ਨਾਨਕ)

ਮਨੁੱਖ ਨੂੰ ਸਿਰਫ਼ ਏਕੇ ਜਾਂ ਵਹਿਦਤ ਵਿੱਚ ਇਤਮਾਦ ਅਤੇ ਵਿਸਾਹ ਦੇ ਗੁਆਚ ਜਾਣ ਦਾ ਭੈਅ ਹੋਣਾ ਚਾਹੀਦਾ ਹੈ। ਕਿਸੇ ਹੋਰ ਤਰ੍ਹਾਂ ਦਾ ਭੈਅ ਤਾਂ ਸਿਰਫ਼ ਨਾਂਹ-ਪੱਖੀ ਸੋਚ ਨੂੰ ਮਜ਼ਬੂਤ ਕਰਦਾ ਹੈ।

ਭੈਅਭੀਤ ਕਰਨ ਵਾਲੀ ਸੋਚ ਨਾਲ ਬੇਗ਼ਰਜ਼ ਪਿਆਰ, ਮਨੁੱਖਤਾ ਵਿੱਚ ਅਟਲ ਯਕੀਨ ਕਾਇਮ ਰੱਖਣ ਲਈ ਲੋੜੀਂਦੀ ਦ੍ਰਿੜ੍ਹਤਾ ਨੂੰ, ਖੋਰਾ ਲਗਦਾ ਹੈ।

ਸਚੁ ਸਿਰੰਦਾ ਸਚਾ ਜਾਣੀਐ ਸਚੜਾ ਪਰਵਦਗਾਰੋ॥
ਜਿਨਿ ਆਪੀਨੈ ਆਪੁ ਸਾਜਿਆ ਸਚੜਾ ਅਲਖ ਅਪਾਰੋ॥
(ਰਾਗ ਵਡਹੰਸ, ਗੁਰੂ ਨਾਨਕ)

ਇਹ ਪਛਾਣ ਲਓ ਕਿ ਕਾਇਨਾਤੀ ਊਰਜਾ ਹੀ ਸੱਚ ਹੈ, ਇਹੋ ਸੱਚੀ ਪਾਲਣਹਾਰ ਹੈ।
ਇਸ ਨੇ ਆਪਣੀ ਸਿਰਜਣਾ ਆਪ ਕੀਤੀ ਹੈ, ਉਹ ਸੱਚੀ ਹੈ, ਅਲਖ ਅਤੇ ਅਪਾਰ ਹੈ।
(ਰਾਗ ਵਡਹੰਸ, ਗੁਰੂ ਨਾਨਕ)

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਗੋਲਾਘਾਟ ਤੋਂ ਜੈਂਤੀਆ ਪਹਾੜਾਂ ਰਾਹੀਂ ਜੋਵਾਈ ਦਾ ਇਲਾਕਾ ਪਾਰ ਕੀਤਾ ਅਤੇ ਬੰਗਲਾਦੇਸ਼ ਦੇ ਮੈਦਾਨੀ ਇਲਾਕੇ ਸਲਹਟ ਵਿੱਚ ਪਹੁੰਚੇ।

ਅਸੀਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਜੈਂਤੀਆਂ ਪਹਾੜਾਂ ਰਾਹੀਂ ਸਫ਼ਰ ਕਰ ਰਹੇ ਹਾਂ ਜੋ ਨੀਵੀਆਂ ਪਹਾੜੀਆਂ ਵਾਲਾ ਇਲਾਕਾ ਹੈ।

**ਅਮਰਦੀਪ ਸਿੰਘ:** ਜੈਂਤੀਆ ਪਹਾੜ ਮੇਘਾਲਿਆ ਸੂਬੇ ਦੇ ਜੋਵਾਈ ਜ਼ਿਲ੍ਹੇ ਵਿੱਚ ਹਨ। ਜਿਸ ਸਮੇਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਇਸ ਇਲਾਕੇ ਵਿੱਚੋਂ ਗੁਜ਼ਰੇ, ਉਸ ਵੇਲੇ ਮੁਕਾਮੀ ਲੋਕ ਕੁਦਰਤ ਅਤੇ ਸ਼ਕਤੀ ਦੀ ਪੂਜਾ ਕਰਦੇ ਸਨ ਜੋ ਕਿ ਤੰਤਰਿਕ ਵਿਦਿਆ ਦਾ ਹੀ ਰੂਪ ਸੀ।

ਜੈਂਤੀਆ ਪਹਾੜਾਂ ਵਿੱਚ ਇਤਿਹਾਸਕ ਦੌਰ ਦੀਆਂ ਪੱਥਰ ਵਾਲੀਆਂ ਨਿਸ਼ਾਨੀਆਂ ਮਿਲਦੀਆਂ ਹਨ ਜੋ ਦਰਸਾਉਂਦੀਆਂ ਹਨ ਕਿ ਮੂਲ ਨਿਵਾਸੀ ਕੁਦਰਤ ਦੇ ਉਪਾਸਕ ਸਨ। ਇਸ ਤਰ੍ਹਾਂ ਇਸ ਇਲਾਕੇ ਵਿੱਚ ਮਜ਼ਹਬੀ ਅਕੀਦਿਆਂ ਦੀ ਵੰਨ-ਸਵੰਨਤਾ ਵਿਗਸੀ ਜਿਸ ਵਿੱਚ ਤੰਤਰ ਅਤੇ ਦੇਵੀ ਦੀ ਪੂਜਾ ਅਟੁੱਟ ਹਿੱਸਾ ਸਨ। ਹਾਲੀਆ ਦੌਰ ਵਿੱਚ ਮੂਲਵਾਸੀ ਕਬਾਇਲੀਆਂ ਨੇ ਈਸਾਈ ਮਤ ਅਪਣਾਇਆ ਹੈ।

ਮਨੁੱਖਾ ਸੂਝ ਆਪਣੀ ਤਾਕਤ ਦਾ ਇਜ਼ਹਾਰ ਕਰਨ ਲਈ ਲਗਾਤਾਰ ਸੰਘਰਸ਼ ਕਰਦੀ ਰਹਿੰਦੀ ਹੈ। 'ਬਿਰਾਦਰੀ ਸੋਚ' ਅਜਿਹਾ ਜ਼ਿਹਨੀ ਰੁਝਾਨ ਹੈ ਜਿਸ ਤਹਿਤ ਇੱਕੋ ਜਿਹੀ ਸੋਚ ਰੱਖਣ ਵਾਲੇ ਲੋਕ ਆਪਣੇ ਦੁਆਲੇ ਮੂਰਤ ਅਤੇ ਅਮੂਰਤ ਕੰਧਾਂ ਉਸਾਰ ਲੈਂਦੇ ਹਨ। ਅਜਿਹੀ ਤੰਗਨਜ਼ਰੀ ਨਾਲ ਆਲਮੀ ਸੋਚ ਦੀ ਉਸਾਰੀ ਦੇ ਰਾਹ ਵਿੱਚ ਅੜਿੱਕੇ ਪੈਂਦੇ ਹਨ। ਗੁਰੂ ਨਾਨਕ ਨੇ ਦ੍ਰਿੜ੍ਹਾਇਆ ਕਿ ਕੱਲ੍ਹ, ਅੱਜ ਅਤੇ ਭਲਕ ਦਾ ਨਿਜ਼ਾਮ ਚਲਾਉਣ ਵਾਲਾ ਹਰ ਥਾਂ ਹਾਜ਼ਰ ਹੈ ਪਰ ਕਦੇ ਆਪਣੀ ਹਾਜ਼ਰੀ ਤਸਲੀਮ ਨਹੀਂ ਕਰਵਾਉਂਦਾ।

ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥
(ਜਪੁ, ਗੁਰੂ ਨਾਨਕ)

ਸਭ ਉਸ ਦੀ ਨਜ਼ਰ ਵਿੱਚ ਹਨ ਪਰ ਉਹ ਕਿਸੇ ਦੀ ਨਜ਼ਰ ਵਿੱਚ ਨਹੀਂ। ਇਹੋ ਸਭ ਤੋਂ ਅਲੋਕਾਰ ਹੈ!
(ਜਪੁ, ਗੁਰੂ ਨਾਨਕ)

ਅਸੀਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਜੋਵਾਈ ਜਾ ਰਹੇ ਹਾਂ ਜਿੱਥੇ ਜੈਂਤੀਆ ਪਹਾੜਾਂ ਦੀ ਤਿੱਖੀ ਢਲਾਣ ਬੰਗਲਾਦੇਸ਼ ਦੇ ਮੈਦਾਨੀ ਇਲਾਕਿਆਂ ਵਿੱਚ ਗੁਆਚ ਜਾਂਦੀ ਹੈ। ਪਹਿਲਾਂ ਲੋਕ ਬੰਗਲਾਦੇਸ਼ ਜਾਣ ਲਈ ਡੌਕੀ ਨਦੀ ਵਿੱਚ ਕਿਸ਼ਤੀ ਰਾਹੀਂ ਸਫ਼ਰ ਕਰਦੇ ਸਨ।

ਜੋਵਾਈ ਪਹਾੜਾਂ ਤੋਂ ਉੱਤਰ ਕੇ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਸਿਲਹਟ ਜਾਣ ਲਈ ਕਿਸ਼ਤੀ ਦੀ ਸਵਾਰੀ ਕੀਤੀ।

ਮੌਜੂਦਾ ਦੌਰ ਵਿੱਚ ਸਿਆਸੀ ਕਾਰਨਾਂ ਕਰ ਕੇ ਇੰਡੀਆ-ਬੰਗਲਾਦੇਸ਼ ਦੀ ਸਰਹੱਦ ਕੁਝ ਤਹਿ ਨਾਕਿਆਂ ਤੋਂ ਹੀ ਪਾਰ ਕੀਤੀ ਜਾ ਸਕਦੀ ਹੈ। ਇਸ ਲਈ ਅਸੀਂ ਹਵਾਈ ਜਹਾਜ਼ ਰਾਹੀਂ ਇੰਡੀਆ ਤੋਂ ਬੰਗਲਾਦੇਸ਼ ਗਏ ਅਤੇ ਸਲਹਟ ਤੋਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਆਪਣਾ ਸਫ਼ਰ ਅੱਗੇ ਤੋਰਿਆ।

ਇੱਕੋ ਮਾਂ ਨੇ ਦੋ ਬੱਚਿਆਂ ਨੂੰ ਜਨਮ ਦਿੱਤਾ ਹੈ, ਇੱਕ ਹਿੰਦੂ ਹੈ ਅਤੇ ਦੂਜਾ ਮੁਸਲਮਾਨ।
ਦੋਵੇਂ ਇੱਕੋ ਘਰ ਵਿੱਚ ਪੈਦਾ ਹੋਏ ਹਨ। ਦੋਵਾਂ ਨੇ ਇੱਕੋ ਮਾਂ ਦਾ ਦੁੱਧ ਚੁੰਘਿਆ ਹੈ।
(ਨਾਲੋਨ ਫ਼ਕੀਰ)

ਸਿਲਹਟ ਸ਼ਹਿਰ ਬ੍ਰਹਮਪੁੱਤਰ ਵਾਦੀ ਦੇ ਦੱਖਣ ਵਿੱਚ ਸੁਰਮਾ ਨਦੀ ਦੇ ਲਾਗੇ ਵਸਿਆ ਹੈ। ਚੌਦਵੀਂ ਸਦੀ ਤੋਂ ਪਹਿਲਾਂ ਸਲਹਟ ਵਿੱਚ ਬੋਧੀ ਅਤੇ ਹਿੰਦੂ ਰਾਜਿਆਂ ਦਾ ਰਾਜ ਸੀ। ਗੁਰੂ ਨਾਨਕ ਦੇ ਦੌਰ ਵਿੱਚ ਇੱਥੇ ਬੰਗਾਲ ਸਲਤਨਤ ਦਾ ਰਾਜ ਸੀ।

ਬੰਗਲਾਦੇਸ਼ ਵਿੱਚ ਸਿਲਹਟ ਨੂੰ ਸਭ ਤੋਂ ਅਹਿਮ ਰੂਹਾਨੀ, ਤਹਿਜ਼ੀਬੀ ਅਤੇ ਤਿਜਾਰਤੀ ਸ਼ਹਿਰਾਂ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ।

ਅਸੀਂ ਸਿਲਹਟ ਵਿੱਚ ਤੁਰਕ ਮੂਲ ਦੇ ਸੂਫ਼ੀ ਸੰਤ ਸ਼ਾਹ ਜਲਾਲ ਦੀ ਮਜ਼ਾਰ ਉੱਤੇ ਜਾ ਰਹੇ ਹਾਂ ਜਿਨ੍ਹਾਂ ਦਾ ਜਨਮ ੧੨੭੧ ਵਿੱਚ ਹੋਇਆ ਸੀ।

ਮੁਸਲਮਾਨ ਕੁਰਾਨ ਅਤੇ ਇਸਲਾਮੀ ਗ੍ਰੰਥ ਪੜ੍ਹਦੇ ਹਨ।
ਹਿੰਦੂ 'ਵੇਦਾਂ' ਅਤੇ 'ਪੁਰਾਣਾਂ' ਤੋਂ ਸੇਧ ਲੈਂਦੇ ਹਨ।
ਮੁਸਲਮਾਨ ਕੁਰਾਨ ਅਤੇ ਇਸਲਾਮੀ ਗ੍ਰੰਥ ਪੜ੍ਹਦੇ ਹਨ।
ਹਿੰਦੂ 'ਵੇਦਾਂ' ਅਤੇ 'ਪੁਰਾਣਾਂ' ਤੋਂ ਸੇਧ ਲੈਂਦੇ ਹਨ।
ਮੁਸਲਮਾਨ ਉਸ ਨੂੰ 'ਅੱਲ੍ਹਾ' ਆਖਦੇ ਹਨ।

ਹਿੰਦੂ 'ਭਗਵਾਨ' ਪੁਕਾਰਦੇ ਹਨ।
(ਨਾਲੋਂਨ ਫ਼ਕੀਰ)

ਸ਼ਾਹ ਜਲਾਲ ਬੰਗਾਲ ਦੇ ਸਭ ਤੋਂ ਸਤਿਕਾਰਯੋਗ ਸੂਫ਼ੀ ਸੰਤਾਂ ਵਿੱਚੋਂ ਹਨ ਜੋ ਸਿਲਹਟ ਵਿੱਚ ੧੩੪੬ ਵਿੱਚ ਫ਼ਾਨੀ ਸੰਸਾਰ ਤੋਂ ਰੁਖ਼ਸਤ ਹੋਏ ਸਨ।ਸ਼ਾਹ ਜਲਾਲ ਨੇ ਆਪਣੀ ਜ਼ਿੰਦਗੀ ਦਾ ਚੋਖਾ ਸਮਾਂ ਉੱਚ ਅਤੇ ਮੁਲਤਾਨ ਵਿੱਚ ਗੁਜ਼ਾਰਿਆ ਸੀ ਜੋ ਹੁਣ ਪਾਕਿਸਤਾਨ ਵਿੱਚ ਹਨ। ਉਹ ਬਾਅਦ ਵਿੱਚ ਸੂਫ਼ੀ ਸਿਲਸਿਲੇ ਦੇ ਹਜ਼ਰਤ ਨਿਜ਼ਾਮੂਦੀਨ ਔਲੀਆ ਕੋਲ ਦਿੱਲੀ ਚਲੇ ਗਏ ਅਤੇ ਅਖ਼ੀਰ ਵਿੱਚ ਇਸਲਾਮ ਦਾ ਪ੍ਰਚਾਰ ਕਰਨ ਲਈ ਸਿਲਹਟ ਵਿੱਚ ਜਾ ਵਸੇ।

**ਅਮਰਦੀਪ ਸਿੰਘ:** ਸਿਲਹਟ ਵਿੱਚ ਇਹ ਉਹ ਅਸਥਾਨ ਹੈ ਜਿੱਥੇ ਮਹਿਬੂਬ ਸੂਫ਼ੀ ਸੰਤ ਸ਼ਾਹ ਜਲਾਲ ਦਫ਼ਨ ਹਨ। ਸਲਹਟ ਵਿੱਚ ਗੁਰੂ ਨਾਨਕ ਇਸ ਮਜ਼ਾਰ ਉੱਤੇ ਵੀ ਆਏ ਸਨ ਅਤੇ ਉਨ੍ਹਾਂ ਨੇ ਮਜ਼ਾਰ ਦੇ ਸਮਕਾਲੀ 'ਮੁੱਤਬਾਲੀ' (ਰੂਹਾਨੀ ਰਹਿਬਰ) ਨਾਲ ਗੋਸ਼ਟਿ ਕੀਤਾ ਸੀ।

ਵਿਲਾਇਤ ਵਾਲੀ ਜਨਮਸਾਖੀ ਵਿੱਚ 'ਅਸਾ' ਇਲਾਕੇ ਦਾ ਜ਼ਿਕਰ ਆਉਂਦਾ ਹੈ ਜਿੱਥੇ ਗੁਰੂ ਨਾਨਕ ਦੀ ਮੁਲਾਕਾਤ ਸ਼ਾਹ ਜਲਾਲ ਦੇ ਰੂਹਾਨੀ ਜਾਨਸ਼ੀਨ ਸ਼ੇਖ਼ ਫ਼ਰੀਦ ਨਾਲ ਹੋਈ ਸੀ।

ਸਾਡੀ ਮੁਲਾਕਾਤ ਸ਼ਾਹਮੁਨ ਮੁਹੰਮਦ ਖ਼ਾਨ ਨਾਲ ਹੋਈ ਜੋ ਇਸ ਵੇਲੇ ਸ਼ਾਹ ਜਲਾਲ ਦੀ ਮਜ਼ਾਰ ਦੇ ਸੇਵਾਦਾਰ ਹਨ।

**ਅਮਰਦੀਪ ਸਿੰਘ:** ਜਨਾਬ, ਬਾਬਾ ਨਾਨਕ ਬਾਰੇ ਤੁਹਾਡੇ ਸਿਲਸਿਲੇ ਵਿੱਚ ਕੀ ਲਿਖਿਆ ਹੈ?

**ਸ਼ਾਹਮੁਨ ਮੁਹੰਮਦ ਖ਼ਾਨ:** ਅਰਬੀ ਵਿੱਚ ਅਸੀਂ ਸਾਰੇ ਹਿੰਦਸਿਆਂ ਨੂੰ ਵਜ਼ਨ ਦਿੰਦੇ ਹਾਂ। ਅਲਿਫ਼, ਬੇ, ਤੇ, ਸੇ- ਸਭ ਦਾ ਵਜ਼ਨ ਹੈ। ਅਰਬੀ ਵਿੱਚ ਗੁਰੂ ਨਾਨਕ ਦੇ ਨਾਮ ਦਾ ਵਜ਼ਨ ਤਹਿ ਕਰਨ ਲਈ ਸਾਡੇ ਬਾਬਾ ਨੇ ਇਹ ਜੋੜ ਕਿਤਾਬ ਵਿੱਚ ਲਿਖਿਆ। ਇਸ ਸਿਲਸਿਲੇ ਦਾ ਨਾਮ ਲਵੋ ਅਤੇ ਚਾਰ ਨਾਲ ਗੁਣਾ ਕਰੋ। ਇਸ ਤੋਂ ਬਾਅਦ ਪੰਜ ਨਾਲ ਗੁਣਾ ਕਰੋ, ਅੱਗੇ ਵੀਹ ਨਾਲ ਅਤੇ ਬਾਅਦ ਵਿੱਚ ਤਿੰਨ ਵਾਰ ਨੌਂ ਨਾਲ ਅਤੇ ਅਖ਼ੀਰ ਵਿੱਚ ਦੋ ਜਮ੍ਹਾਂ ਕਰੋ। ਇਸ ਨਾਲ ਗੁਰੂ ਨਾਨਕ ਅਤੇ ਹਜ਼ਰਤ ਮੁਹੰਮਦ ਸਾਹਿਬ ਦੇ ਨਾਮਾਂ ਦਾ ਵਜ਼ਨ ਬਰਾਬਰ ਹੋ ਜਾਂਦਾ ਹੈ। ਹਜ਼ਰਤ ਮੁਹੰਮਦ ਕਹਿੰਦੇ ਹਨ ਕਿ ਇਸ ਕਾਇਨਾਤ ਦੀ ਸਮੁੱਚੀ ਹੋਂਦ ਸਿਰਜਣਹਾਰ ਦੀ ਬਦੌਲਤ ਹੈ। ਸਾਨੂੰ ਇਹੋ ਕੁਝ ਗੁਰੂ ਨਾਨਕ ਦੀਆਂ ਸਿੱਖਿਆਵਾਂ ਵਿੱਚੋਂ ਵੀ ਮਿਲਦਾ ਹੈ। ਜੇ ਤੁਸੀਂ ਕਰਨਾ ਚਾਹੋ ਤਾਂ ਇਸ ਮੰਤਰ ਦੇ ਸੱਚ ਦੀ ਤਸਦੀਕ ਕਰ ਸਕਦੇ ਹੋ।

'ਗੁਰ ਤੀਰਥ ਸੰਗ੍ਰਹਿ' ਵਿੱਚ ਤਾਰਾ ਸਿੰਘ ਨਰੋਤਮ ਨੇ ਜ਼ਿਕਰ ਕੀਤਾ ਹੈ ਕਿ ਗੁਰੂ ਨਾਨਕ ਦੇ ਸਿਲਹਟ ਆਉਣ ਦੀ ਯਾਦ ਵਿੱਚ ਇੱਕ ਗੁਰਦਵਾਰਾ ਬਣਾਇਆ ਗਿਆ ਸੀ। ਹੁਣ ਇਸ ਗੁਰਦਵਾਰੇ ਦੀ ਕੋਈ ਨਿਸ਼ਾਨੀ ਬਾਕੀ ਨਹੀਂ ਹੈ। ਗੁਰਦਵਾਰੇ ਦੀ ਸੇਵਾ-ਸੰਭਾਲ ਕਰਨ ਵਾਲੇ ਅਤੇ ਗੁਰੂ ਨਾਨਕ ਦੇ ਪੈਰੋਕਾਰ ੧੯੪੭ ਦੀ ਵੰਡ ਵੇਲੇ ਇੱਥੋਂ ਹਿਜਰਤ ਕਰ ਗਏ ਸਨ।

ਬੰਗਲਾਦੇਸ਼ ਦੇ ਸਿਲਹਟ ਤੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਕਿਸ਼ਤੀ ਅਤੇ ਮੈਦਾਨੀ ਇਲਾਕੇ ਰਾਹੀਂ ਇੰਡੀਆ ਦੇ ਕੋਲਕਾਤਾ ਦਾ ਸਫ਼ਰ ਕੀਤਾ ਜਿਸ ਨੂੰ ਕਲਕੱਤਾ ਵੀ ਕਹਿੰਦੇ ਹਨ।

ਮੌਜੂਦਾ ਦੌਰ ਵਿੱਚ ਸਿਆਸੀ ਕਾਰਨਾਂ ਕਰ ਕੇ ਇੰਡੀਆ-ਬੰਗਲਾਦੇਸ਼ ਦੀ ਸਰਹੱਦ ਕੁਝ ਤਹਿ ਨਾਕਿਆਂ ਤੋਂ ਹੀ ਪਾਰ ਕੀਤੀ ਜਾ ਸਕਦੀ ਹੈ। ਇਸ ਲਈ ਅਸੀਂ ਹਵਾਈ ਜਹਾਜ਼ ਰਾਹੀਂ ਬੰਗਲਾਦੇਸ਼ ਤੋਂ ਇੰਡੀਆ ਗਏ ਅਤੇ ਕੋਲਕਾਤਾ ਤੋਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਆਪਣਾ ਸਫ਼ਰ ਅੱਗੇ ਤੋਰਿਆ।

ਕੋਲਕਾਤਾ ਇੰਡੀਆ ਦੇ ਸੂਬੇ ਪੱਛਮੀ ਬੰਗਾਲ ਦੀ ਰਾਜਧਾਨੀ ਹੈ। ਇਸ ਸ਼ਹਿਰ ਦਾ ਨਾਮ ‘ਕਾਲੀ’ ਦੇਵੀ ਤੋਂ ਪਿਆ ਹੈ।

**ਅਮਰਦੀਪ ਸਿੰਘ:** ਹੁਗਲੀ ਨਦੀ ਦੇ ਕਿਨਾਰੇ ਵਸਿਆ ਕੋਲਕਾਤਾ ਗੁਰੂ ਨਾਨਕ ਦੇ ਦੌਰ ਵਿੱਚ ਕਾਲੀਘਾਟ ਨਾਮ ਦਾ ਛੋਟਾ ਜਿਹਾ ਪਿੰਡ ਹੁੰਦਾ ਸੀ ਅਤੇ ਇਸ ਦਾ ਨਾਮ ਕੁਝ ਸਮਾਂ ਪਹਿਲਾਂ ਤੱਕ ਕਲਕੱਤਾ ਵੀ ਸੀ।

ਕੋਲਕਾਤਾ ਰਵਿੰਦਰਨਾਥ ਟੈਗੋਰ ਦੀ ਜਨਮ ਭੂਮੀ ਹੈ ਜੋ ਸਾਹਿਤ ਦੇ ਖੇਤਰ ਵਿੱਚ ਨੋਬਲ ਪੁਰਸਕਾਰ ਪਾਉਣ ਵਾਲੇ ਪਹਿਲੇ ਗ਼ੈਰ-ਯੂਰਪੀ ਸਨ। ਬੰਗਾਲੀ ਦੇ ਫ਼ਲਸਫ਼ੀ ਸ਼ਾਇਰ ਟੈਗੋਰ ਨੇ ਇੰਡੀਆ ਅਤੇ ਬੰਗਲਾਦੇਸ਼ ਦੇ ਕੌਮੀ ਤਰਾਨੇ ਲਿਖੇ ਹਨ। ਟੈਗੋਰ ਦੇ ਦਿਲ ਵਿੱਚ ਗੁਰੂ ਨਾਨਕ ਦਾ ਬਹੁਤ ਸਤਿਕਾਰ ਸੀ। ਜਦੋਂ ਟੈਗੋਰ ਨੂੰ ਕੌਮਾਂਤਰੀ ਤਰਾਨਾ ਲਿਖਣ ਲਈ ਕਿਹਾ ਗਿਆ ਤਾਂ ਉਨ੍ਹਾਂ ਦਾ ਜੁਆਬ ਸੀ, “ਇਹ ਸੋਲ੍ਹਵੀਂ ਸਦੀ ਵਿੱਚ ਗੁਰੂ ਨਾਨਕ ਨੇ ਲਿਖ ਦਿੱਤਾ ਸੀ। ਉਹ ਸਿਰਫ਼ ਪੂਰੀ ਦੁਨੀਆ ਦਾ ਹੀ ਨਹੀਂ ਸਗੋਂ ਕਾਇਨਾਤ ਦਾ ਤਰਾਨਾ ਹੈ।” ਗੁਰੂ ਨਾਨਕ ਨੇ ਹਾਜ਼ਰਾ-ਹਜ਼ੂਰ ਦੀ ਉਸਤਤਿ ਵਿੱਚ ‘ਆਰਤੀ’ ਲਿਖੀ ਜਿਸ ਦਾ ਰਵਿੰਦਰਨਾਥ ਟੈਗੋਰ ਨੇ ਬੰਗਾਲੀ ਵਿੱਚ ਤਰਜਮਾ ਕੀਤਾ। ਉਨ੍ਹਾਂ ਨੇ ਇਸ ਨੂੰ ਆਪਣੇ ਖ਼ਸੂਸੀ ਸੰਗੀਤ ਵਿੱਚ ਸੁਰਬੱਧ ਕੀਤਾ ਜਿਸ ਨੂੰ ‘ਰਵਿੰਦਰ ਸੰਗੀਤ’ ਕਿਹਾ ਜਾਂਦਾ ਹੈ।

ਕੈਸੀ ਆਰਤੀ ਹੋਇ॥ ਭਵ ਖੰਡਨਾ ਤੇਰੀ ਆਰਤੀ॥
ਅਨਹਤਾ ਸਬਦ ਵਾਜੰਤ ਭੇਰੀ॥
ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥
(ਰਾਗ ਧਨਾਸਰੀ, ਗੁਰੂ ਨਾਨਕ)

ਮਨੁੱਖ ਨੂੰ ਆਰਤੀ ਕਿਵੇਂ ਕਰਨੀ ਚਾਹੀਦੀ ਹੈ? ਓ ਦੁਨੀਆ ਦੇ ਸਿਰਜਣਹਾਰ ਅਤੇ ਵਿਨਾਸਕਾਰ, ਤੇਰੀ ਆਰਤੀ।
ਵਿਵੇਕ ਦੇ ਅਨੰਤ ਅੰਮ੍ਰਿਤ ਦੀ ਗੂੰਜ ਤਨ-ਮਨ ਵਿੱਚ ਪੈਂਦੀ ਹੈ।
ਆਕਾਸ਼ ਉਹ ਥਾਲ ਹੈ ਜਿਸ ਵਿੱਚ ਸੂਰਜ ਅਤੇ ਚੰਦ ਦੀਪਕ ਹਨ,
ਤਾਰੇ ਅਤੇ ਤਾਰਾਮੰਡਲ ਬੇਸ਼ਕੀਮਤੀ ਹੀਰੇ ਹਨ।

ਚੰਦਨ ਦੀ ਧੂਫ਼ ਧੁੱਖ ਰਹੀ ਹੈ, ਪਵਨ ਚੌਰ ਕਰਦੀ ਹੈ
ਅਤੇ ਸਮੁੱਚੇ ਫੁੱਲ-ਪੱਤੇ ਪ੍ਰਕਾਸ਼ਵਾਨ ਹਾਜ਼ਰਾ-ਹਜ਼ੂਰ ਨੂੰ ਚੜ੍ਹ ਰਿਹਾ ਚੜ੍ਹਾਵਾ ਹਨ।
ਆਕਾਸ਼ ਉਹ ਥਾਲ ਹੈ ਜਿਸ ਵਿੱਚ ਸੂਰਜ ਅਤੇ ਚੰਦ ਦੀਪਕ ਹਨ।
(ਰਾਗ ਧਨਾਸਰੀ, ਗੁਰੂ ਨਾਨਕ)

ਅਸੀਂ ਹੁਣ ਬੜਾ ਬਾਜ਼ਾਰ ਵਿੱਚ ਗੁਰਦਵਾਰਾ ਬੜਾ ਸਿੱਖ ਸੰਗਤ ਜਾ ਰਹੇ ਹਾਂ। ਇਹ ਗੁਰਦਵਾਰਾ ਗੁਰੂ ਨਾਨਕ ਦੇ ਕੋਲਕਾਤਾ ਆਉਣ ਦੀ ਯਾਦ ਵਿੱਚ ਬਣਾਇਆ ਗਿਆ ਹੈ।

## ਕੀਰਤਨ

ਸਾਨੂੰ ਮੁਕਾਮੀ ਬੰਗਾਲੀਆਂ ਨਾਲ ਗੱਲ ਕਰਨ ਦਾ ਮੌਕਾ ਮਿਲਿਆ ਜਿਨ੍ਹਾਂ ਉੱਤੇ ਗੁਰੂ ਨਾਨਕ ਦੇ ਵਹਿਦਤ ਵਾਲੇ ਫ਼ਲਸਫ਼ੇ ਦਾ ਉਸਾਰੂ ਅਸਰ ਹੋਇਆ ਹੈ। ਇਹ ਦਿਲ ਟੁੰਬਣ ਵਾਲਾ ਤਜਰਬਾ ਹੈ ਕਿ ਉਹ ਆਪਣੇ-ਆਪਣੇ ਢੰਗ ਨਾਲ ਗੁਰੂ ਨਾਨਕ ਦੇ ਵਹਿਦਤ ਵਾਲੇ ਸੁਨੇਹੇ ਦਾ ਪਸਾਰਾ ਕਰਨ ਵਿੱਚ ਲੱਗੇ ਹੋਏ ਹਨ।

ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ॥
(ਗੁਰੂ ਨਾਨਕ)

ਸਿਰਜਣਹਾਰ ਪਿਆਰ ਵਿੱਚ ਰਮਿਆ ਹੈ। ਉਹ ਸਰਵ-ਵਿਆਪੀ ਅਤੇ ਹਰ ਸ਼ੈਅ ਵਿੱਚ ਹੈ।
(ਗੁਰੂ ਨਾਨਕ)

**ਕਾਕੋਲੀ ਰਾਏ ਚੌਧਰੀ:** ਸਾਡਾ ਬੰਗਾਲੀ ਕੀਰਤਨੀ ਜੱਥਾ ਹੈ। ਇਹ ਮੇਰੇ ਸ਼ੌਹਰ ਗੌਤਮ ਰਾਏ ਚੌਧਰੀ ਹਨ ਅਤੇ ਇਹ ਮੇਰੇ ਭਰਾ ਪਰਾਲੋਏ ਰਣਦੀਪ ਹਨ। ਅਸੀਂ 'ਕੀਰਤਨ' ਦਾ ਸਫ਼ਰ ਤੇਤੀ ਸਾਲ ਪਹਿਲਾਂ ਗੁਰਦਵਾਰਾ ਬੜਾ ਸਿੱਖ ਸੰਗਤ ਤੋਂ ਕੀਤਾ ਸੀ। ਅਸੀਂ ਸਭ ਕੁਝ ਇਸੇ ਨਾਲ ਪਾਇਆ ਹੈ। 'ਕੀਰਤਨ' ਸਾਡਾ ਸਭ ਕੁਝ ਹੈ। ਅਸੀਂ ਗੁਰੂ ਨਾਨਕ ਦੇਵ ਜੀ ਦੇ ਸ਼ਬਦ ਗਾਉਣਾ ਚਾਹੁੰਦੇ ਸਾਂ। ਮੈਂ ਵੱਡਭਾਗੀਂ ਹਾਂ ਕਿ ਮੈਂ ਸੰਗਤ ਸਾਹਮਣੇ ਕੀਰਤਨ ਕਰਦੀ ਹਾਂ।

ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ ॥
ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ ॥੧॥
ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ ॥
(ਗੁਰੂ ਨਾਨਕ)

ਉਹ ਆਪ ਰਸੀਆ ਹੈ, ਆਪ ਹੀ ਰਸ ਹੈ ਅਤੇ ਆਪ ਹੀ ਮਦਮਸਤ ਹੈ।
ਉਹ ਆਪ ਲਾੜਾ ਹੈ, ਆਪੇ ਲਾੜੀ ਵੀ ਹੈ ਅਤੇ ਆਪ ਹੀ ਸੰਗ-ਸੇਜ਼ੀ ਹੈ।
ਮੇਰਾ ਸਾਹਿਬ ਰੰਗ ਵਿੱਚ ਰੱਤਿਆ ਹੈ। ਉਹ ਭਰਪੂਰ ਹੈ।
(ਗੁਰੂ ਨਾਨਕ)

**ਰਣਜਿਕਾ ਰਾਏ:** ਨਮਸਕਾਰ। ਮੈਂ ਰਣਜਿਕਾ ਰਾਏ ਹਾਂ। ਮੈਂ ਪੱਛਮੀ ਬੰਗਾਲ ਕੋਲਕਾਤਾ ਤੋਂ ਹਾਂ। ਮੈਂ ਗੁਰੂ ਗ੍ਰੰਥ ਸਾਹਿਬ ਦਾ ਬੰਗਾਲੀ ਵਿੱਚ ਤਰਜਮਾ ਕੀਤਾ ਹੈ ਤਾਂ ਜੋ ਜਿਨ੍ਹਾਂ ਨੂੰ ਗੁਰਮੁਖੀ ਪੜ੍ਹਨੀ ਨਹੀਂ ਆਉਂਦੀ, ਉਹ ਬੰਗਾਲੀ ਵਿੱਚ ਪੜ੍ਹ ਸਕਣ। ਇਹ ਲਿਪੀਆਂਤਰ ਹੈ ਅਤੇ ਇਹ ਤਰਜਮਾ,

ਅਸ਼ੰਖੋ ਭਾਵੇ ਜੋਪਿਛੇ, ਤੋਮਾਯ ਕੋਤੋ ਅਸ਼ੰਖੋ ਜਨੇ ॥
ਆਤੋ ਅਸ਼ੰਖੋ ਪੂਜਾ, ਤੋਪ ਆਤੋ ਭਕਤੋ ਸਾਧਨੇ ॥
ਸ਼ੰਖਾ ਨਹੀਂ ਕੋਤੋ ਗ੍ਰੰਥੋ, ਵੇਦ ਪਾਠ ਕਰੇ ॥
(ਗੁਰੂ ਨਾਨਕ - ਬੰਗਾਲੀ ਵਿੱਚ)

ਅਸੰਖ ਧਿਆਨ। ਅਸੰਖ ਜਜ਼ਬਾਤ।
ਅਰਾਧਨਾ ਦੇ ਅਸੰਖ ਰੂਪ। ਅਸੰਖ ਤਪ ਅਤੇ ਸੰਜਮ।
ਅਸੰਖ ਗ੍ਰੰਥ, ਕਰਮ-ਕਾਂਡੀ ਪਾਠ ਅਤੇ ਗਿਆਨ ਦੀਆਂ ਪੋਥੀਆਂ।
(ਗੁਰੂ ਨਾਨਕ - ਬੰਗਾਲੀ ਵਿੱਚ)

ਮੈਂ ਸੋਚਦੀ ਹਾਂ ਕਿ ਇਹ ਮਹਾਨ ਸੁਨੇਹਾ ਸੀਮਤ ਘੇਰੇ ਵਿੱਚ ਨਹੀਂ ਰਹਿਣਾ ਚਾਹੀਦਾ। ਇਹਨਾਂ ਨੂੰ ਸੰਸਾਰ ਦੇ ਹਰ ਕੋਨੇ ਵਿੱਚ ਫੈਲਾਨਾ ਚਾਹੀਦੇ ਹੈ।

ਗੁਰਦਵਾਰੇ ਤੋਂ ਆਉਂਦੇ ਸਮੇਂ ਅਸੀਂ ਪਹਿਲਵਾਨਾਂ ਨੂੰ ਵਰਜਿਸ਼ ਕਰਦੇ ਹੋਏ ਦੇਖਿਆ। ਉਨ੍ਹਾਂ ਨੂੰ ਦੇਖ ਕੇ ਮੈਨੂੰ ਗੁਰੂ ਨਾਨਕ ਦਾ ਮਨ ਦੇ ਅੰਦਰ ਬੈਠੇ ਪੰਜ ਪਹਿਲਵਾਨਾਂ-ਕਾਮ, ਕਰੋਧ, ਲੋਭ, ਮੋਹ, ਹੰਕਾਰ-ਨਾਲ ਘੋਲ ਕਰਨ ਦਾ ਸੁਨੇਹਾ ਯਾਦ ਆਇਆ। ਮੈਂ ਅੰਦਰੋਂ ਇਨ੍ਹਾਂ ਪੰਜ ਤਾਕਤਵਰ ਵਿਕਾਰਾਂ ਨਾਲ ਘੁਲਦਾ ਹਾਂ ਅਤੇ ਉਸ ਦਿਨ ਦੀ ਉਡੀਕ ਕਰਦਾ ਹਾਂ ਜਦੋਂ ਮੈਂ ਇਨ੍ਹਾਂ ਉੱਤੇ ਜਿੱਤ ਹਾਸਿਲ ਕਰ ਲਵਾਂਗਾ।

ਅਵਰਿ ਪੰਚ ਹਮ ਏਕ ਜਨਾ ਕਿਉ ਰਾਖਉ ਘਰ ਬਾਰੁ ਮਨਾ॥
ਮਾਰਹਿ ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ॥
(ਰਾਗ ਗਉੜੀ, ਗੁਰੂ ਨਾਨਕ)

ਹੇ ਮਨਾ, ਉਹ ਪੰਜ ਹਨ ਅਤੇ ਮੈਂ ਫ਼ਾਨੀ ਇਕੱਲਾ ਹਾਂ। ਮੈਂ ਆਪਣੇ ਘਰ-ਬਾਰ ਦੀ ਰਾਖੀ ਕਿਵੇਂ ਕਰ ਸਕਦਾ ਹਾਂ?
ਉਹ ਮੈਨੂੰ ਹਰ ਰੋਜ਼ ਕੁੱਟਦੇ-ਮਾਰਦੇ ਹਨ। ਮੈਂ ਉਨ੍ਹਾਂ ਖ਼ਿਲਾਫ਼ ਕਿਸ ਅੱਗੇ ਫ਼ਰਿਆਦ ਕਰਾਂ?
(ਰਾਗ ਗਉੜੀ, ਗੁਰੂ ਨਾਨਕ)

ਕੋਲਕਾਤਾ ਤੋਂ ਅਸੀਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਤੋਂ ਕੁਝ ਵਲ਼ ਪਾ ਕੇ ਜੋਏਦੇਵ ਕੇਨਡੁਲੀ ਦੇ ਅਸਥਾਨ ਉੱਤੇ ਪੱਛਮੀ ਬੰਗਾਲ ਦੇ ਜ਼ਿਲ੍ਹਾ ਬੀਰਭੂਮ ਜਾ ਰਹੇ ਹਾਂ ਤਾਂ ਜੋ ਭਗਤ ਜੈਦੇਵ ਦੀਆਂ ਯਾਦਾਂ ਨਾਲ ਸਾਂਝ ਪਾ ਸਕੀਏ।

ਜੈ ਪਦਮਾਵਤੀ॥
ਤੇਰਾ ਵਾਸਾ ਬੀਰਭੂਮ ਦੇ ਪਿੰਡ ਕੇਨਡੁਲੀ ਵਿੱਚ ਹੈ॥
ਜੈ ਜੈ ਜੈਦੇਵ॥

ਅਸੀਂ ਭਗਤ ਜੈਦੇਵ ਦੀ ਯਾਦ ਵਿੱਚ ਬਣੇ ਰਾਧਾਬਿਨੋਦ ਮੰਦਿਰ ਜਾ ਰਹੇ ਹਾਂ।

ਜੈ ਜੈ ਜੈਦੇਵ॥

ਇਸ ਮੰਦਿਰ ਵਿੱਚ 'ਬਾਉਲ' ਅਤੇ ਫ਼ਕੀਰ ਆਉਂਦੇ ਹਨ ਅਤੇ ਭਗਤ ਜੈਦੇਵ ਦੇ ਰਹੱਸਵਾਦੀ ਗੀਤਾਂ ਦਾ ਗਾਇਨ ਕਰਦੇ ਹਨ।

ਉਨ੍ਹਾਂ ਨੇ ਪਿੰਡ ਕੇਨਡੁਲੀ ਸਾਸਾਨ ਵਿੱਚ ਬੈਠ ਕੇ 'ਗੀਤ ਗੋਬਿੰਦਾ' ਲਿਖਿਆ।
ਉਨ੍ਹਾਂ ਨੇ ਮਨੁੱਖ ਦੀ ਭੌਤਿਕ ਹੋਂਦ ਬਾਰੇ ਲਿਖਿਆ।

**ਸਾਧੂ ਚਰਨਦਾਸ:** 'ਜੈ ਗੁਰੂ'। ਮੈਂ ਸਾਧੂ ਚਰਨਦਾਸ ਹਾਂ ਅਤੇ ਇਹ ਕੰਗਾਲ ਚਰਨਦਾਸ ਹੈ। ਸਾਡੀ ਜ਼ਿੰਦਗੀ ਦਾ ਮਕਸਦ ਗਾਉਣਾ ਹੈ। ਸਾਡੇ ਪਿਤਾ ਜੀ ਨੇ ਸਾਡੇ ਨਾਮ 'ਸਾਧੂ' ਅਤੇ 'ਕੰਗਾਲ' ਰੱਖੇ ਸਨ। ਜੇ ਕੋਈ ਕੰਗਾਲ ਹੈ ਤਾਂ ਉਹ ਸਾਧੂ ਬਣ ਸਕਦਾ ਹੈ। ਜੇ ਕੋਈ ਸਾਧੂ ਹੈ ਤਾਂ ਉਹ ਕੰਗਾਲ ਹੀ ਰਹਿੰਦਾ ਹੈ। ਆਰਜ਼ੂਮੰਦੀ ਤੋਂ ਬਿਨਾਂ ਗੁਰੂ ਨਹੀਂ ਮਿਲਦਾ। ਜੈਦੇਵ ਨੇ 'ਗੀਤ ਗੋਬਿੰਦਾ' ਲਿਖਿਆ। ਗੁਰੂ ਜੈਦੇਵ ਅਤੇ ਗੁਰੂ ਨਾਨਕ ਦਾ ਫ਼ਲਸਫ਼ਾ ਇੱਕ ਹੈ। ਇਹ ਵਹਿਦਤ ਅਤੇ ਆਲਮੀ ਭਾਈਚਾਰੇ ਦਾ ਫ਼ਲਸਫ਼ਾ ਹੈ। ਸਾਡੇ ਪਿਓ ਸੂਰਦਾਸ ਬਾਉਲ ਨੇ ਸਾਨੂੰ ਬਾਉਲ ਦੀ ਰਵਾਇਤ ਨਾਲ ਜੋੜਿਆ ਸੀ। ਇਹ ਰਵਾਇਤ ਕਈ ਪੀੜ੍ਹੀਆਂ ਤੋਂ ਸਾਡੇ ਪਰਿਵਾਰ ਦਾ ਹਿੱਸਾ ਹੈ। ਜੈ ਗੁਰੂ।

ਉਨ੍ਹਾਂ ਨੇ 'ਗੀਤ ਗੋਬਿੰਦਾ' ਲਿਖਿਆ।
ਉਨ੍ਹਾਂ ਨੇ ਮਨੁੱਖ ਦੀ ਭੌਤਿਕ ਹੋਂਦ ਬਾਰੇ ਲਿਖਿਆ।
ਉਹ ਜਗਤ ਦੇ ਗੁਰੂ ਹਨ।
ਜੈ ਜੈ ਜੈਦੇਵ।

ਤੇਰ੍ਹਵੀਂ ਸਦੀ ਦੇ ਸੰਤ ਭਗਤ ਜੈਦੇਵ ਦਾ ਜਨਮ ਇਸ ਪਿੰਡ ਵਿੱਚ ਹੋਇਆ ਸੀ। ਉਹ ਉੱਚ ਕੁੱਲ ਬ੍ਰਾਹਮਣ ਸਨ। ਉਨ੍ਹਾਂ ਦਾ ਝੁਕਾਅ ਰੂਹਾਨੀਅਤ ਵੱਲ ਸੀ। ਉਨ੍ਹਾਂ ਨੇ ਆਪਣੀ ਬੀਵੀ ਪਦਮਾਵਤੀ ਨਾਲ ਮਿਲ ਕੇ ਵਿਆਹੁਤਾ ਦੋਸਤੀ ਦੀ ਮਿਸਾਲ ਪੈਦਾ ਕੀਤੀ। ਉਨ੍ਹਾਂ ਦੋਵਾਂ ਨੇ ਰਲ਼ ਕੇ 'ਸਤੀ' ਪ੍ਰਥਾ ਦੀ ਨਾਇਨਸਾਫ਼ੀ ਨੂੰ ਵੰਗਾਰਿਆ। ਇਸ ਪ੍ਰਥਾ ਤਹਿਤ ਪਤਨੀ ਆਪਣੇ ਪਤੀ ਦੀ ਚਿੰਤਾ ਵਿੱਚ ਜਿਉਂਦੀ ਭਸਮ ਹੋ ਜਾਂਦੀ ਸੀ।

**ਬੇਨੀਮਾਧੋ ਅਧਿਕਾਰੀ:** ਗੁਰੂ ਨਾਨਕ ਨੇ ਭਗਤ ਜੈਦੇਵ ਦੀ ਬਾਣੀ ਇਕੱਤਰ ਕੀਤੀ। ਸਿੱਖ ਧਰਮ ਨੂੰ ਮੰਨਣ ਵਾਲੇ ਵੀ ਭਗਤ ਜੈਦੇਵ ਨੂੰ ਮੰਨਦੇ ਹਨ। ਇਹ ਭਗਤ ਜੈਦੇਵ ਦਾ ਜਨਮ ਅਸਥਾਨ ਹੈ।

ਕੇਵਲ ਰਾਮ ਨਾਮ ਮਨੋਰਮੰ॥
ਬਦਿ ਅੰਮ੍ਰਿਤ ਤਤ ਮਇਅੰ॥
(ਭਗਤ ਜੈਦੇਵ – ਗੁਰੂ ਗ੍ਰੰਥ ਸਾਹਿਬ)

ਸਿਰਫ਼ ਆਤਮ-ਪੜਚੋਲ ਹੀ ਮਨ ਨੂੰ ਚੈਨ ਦਿੰਦੀ ਹੈ।
ਵਹਿਦਤ ਦਾ ਅੰਮ੍ਰਿਤ ਹੀ ਹਕੀਕਤ ਦਾ ਸਾਰ ਹੈ।
(ਭਗਤ ਜੈਦੇਵ – ਗੁਰੂ ਗ੍ਰੰਥ ਸਾਹਿਬ)

ਭਗਤ ਜੈਦੇਵ ਆਪਣੀ ਗੀਤਮਈ ਕਵਿਤਾ 'ਗੀਤ ਗੋਬਿੰਦਾ' ਲਈ ਮਸ਼ਹੂਰ ਹੋਏ ਜਿਸ ਵਿੱਚ ਉਨ੍ਹਾਂ ਨੇ ਕ੍ਰਿਸ਼ਨ ਦੇ ਪਿਆਰ, ਵਫ਼ਾ, ਸਮਰਪਣ ਅਤੇ ਬਾਅਦ ਵਿੱਚ ਆਪਣੀ ਪਿਆਰੀ ਰਾਧਾ ਕੋਲ ਵਾਪਸ ਪਰਤਣ ਦੀ ਕਥਾ ਕੀਤੀ ਹੈ। ਰਮਜ਼ ਵਜੋਂ ਇਹ ਮਨੁੱਖੀ ਰੂਹ ਦੀ ਨੁਮਾਇੰਦਗੀ ਕਰਦੀ ਹੈ ਜੋ ਸਿਰਜਣਹਾਰ ਦੀ ਸੱਚੀ ਤਾਬੇਦਾਰੀ ਤੋਂ ਗੁੰਮਰਾਹ ਹੋ ਜਾਂਦੀ ਹੈ ਪਰ ਆਖ਼ਰ ਨੂੰ ਪਰਤ ਆਉਂਦੀ ਹੈ ਅਤੇ ਉਸੇ ਵਿੱਚ ਰਮ ਜਾਂਦੀ ਹੈ।

ਗੁਰੂ ਨਾਨਕ ਅਤੇ ਭਗਤ ਜੈਦੇਵ ਦਾ ਕਦੇ ਮੇਲ਼ ਨਹੀਂ ਹੋਇਆ ਪਰ ਉਨ੍ਹਾਂ ਦਾ ਵਹਿਦਤ ਦਾ ਫ਼ਲਸਫ਼ਾ ਅਤੇ ਔਰਤਾਂ ਦੇ ਅਖ਼ਤਿਆਰ ਬਾਰੇ ਸੋਚ ਸਾਂਝੀ ਹੈ। ਭਗਤ ਜੈਦੇਵ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਿਲ ਕੀਤਾ ਗਿਆ ਹੈ।

ਅਰਧਿ ਕਉ ਅਰਧਿਆ ਸਰਧਿ ਕਉ ਸਰਧਿਆ ਸਲਲ ਕਉ ਸਲਲਿ ਸੰਮਾਨਿ ਆਇਆ॥
ਬਦਤਿ ਜੈਦੇਉ ਜੈਦੇਵ ਕਉ ਰੰਮਿਆ ਬ੍ਰਹਮੁ ਨਿਰਬਾਣੁ ਲਿਵ ਲੀਣੁ ਪਾਇਆ॥
(ਰਾਗ ਮਾਰੂ, ਭਗਤ ਜੈਦੇਉ)

ਮੈਂ ਉਸੇ ਦੀ ਅਰਾਧਨਾ ਕਰਦਾ ਹਾਂ ਜੋ ਇਸ ਦੇ ਕਾਬਲ ਹੈ ਅਤੇ ਉਸੇ ਦਾ ਯਕੀਨ ਕਰਦਾ ਹਾਂ ਜੋ ਕਾਬਲਿ-ਯਕੀਨ ਹੈ। ਜਿਵੇਂ ਪਾਣੀ-ਪਾਣੀ ਵਿੱਚ ਮਿਲ ਜਾਂਦਾ ਹੈ, ਉਸੇ ਤਰ੍ਹਾਂ ਆਪਣੇ-ਆਪ ਨਾਲ ਇੱਕਸੁਰ ਹੋ ਜਾਓ।
ਜੈਦੇਵ ਨੇ ਆਖਿਆ ਕਿ ਉਸ ਦੀ ਉਸੇ ਸਦਾਬਹਾਰ ਸਿਫ਼ਤੀ ਨਾਲ ਲਿਵ ਲੱਗੀ ਹੈ
ਜੋ ਬ੍ਰਹਮ ਹੈ, ਅਤੇ ਨਿਰਬਾਣ ਹੈ।
(ਰਾਗ ਮਾਰੂ, ਭਗਤ ਜੈਦੇਉ)

ਭਗਤ ਜੈਦੇਵ ਸਾਨੂੰ ਉਸ ਵਾਹਿਦ ਨਾਲ ਇਤਫ਼ਾਕ ਕਰਨ ਦੀ ਪ੍ਰੇਰਨਾ ਦਿੰਦੇ ਹਨ ਜਿਸ ਦਾ ਵਾਸਾ ਅੰਦਰ ਵੀ ਹੈ ਅਤੇ ਬਾਹਰ ਵੀ।

ਬੰਗਾਲ ਦੇ ਇਸ ਇਲਾਕੇ ਦੀ 'ਪਾਲ' ਬਰਾਦਰੀ ਦੇਵੀ-ਦੇਵਤਿਆਂ ਦੀਆਂ ਮਿੱਟੀ ਦੀਆਂ ਮੂਰਤੀਆਂ ਬਣਾਉਣ ਲਈ ਜਾਣੀ ਜਾਂਦੀ ਹੈ।

ਜੋਏਦੇਵ ਕੇਨਡੂਲੀ ਦੇ ਸਫ਼ਰ ਦੌਰਾਨ ਅਸੀਂ ਬਣ ਰਹੀਆਂ ਮੂਰਤੀਆਂ ਦੇਖੀਆਂ ਜਿਨ੍ਹਾਂ ਦੇ ਸਿਰ ਨਹੀਂ ਸਨ। ਮੈਂ ਸੋਚਦਾ ਹਾਂ ਕਿ ਕੀ ਇਹ ਬਿਨਾਂ ਸਿਰ ਵਾਲੀਆਂ ਮੂਰਤੀਆਂ ਗੁਰੂ ਨਾਨਕ ਦੇ ਉਸੇ ਡੂੰਘੇ ਸੁਨੇਹੇ ਨੂੰ ਮੂਰਤ ਕਰਦੀਆਂ ਹਨ ਕਿ ਇਲਾਹੀ ਨੂਰ ਦਾ ਬੀਜ ਲਗਾਉਣ ਲਈ ਹਊਮੈਂ ਦਾ ਸਿਰ ਕਲਮ ਕਰਨਾ ਲਾਜ਼ਮੀ ਹੈ।

ਮਸਤਕੁ ਕਾਟਿ ਧਰੀ ਤਿਸੁ ਆਗੈ ਤਨੁ ਮਨੁ ਆਗੈ ਦੇਉ॥
ਨਾਨਕ ਸੰਤੁ ਮਿਲੈ ਸਚੁ ਪਾਈਐ ਸਹਜ ਭਾਇ ਜਸੁ ਲੇਉ॥
(ਰਾਗ ਰਾਮਕਲੀ, ਗੁਰੂ ਨਾਨਕ)

ਮੈਂ ਆਪਣੀ ਹਉਮੈਂ ਤੇਰੇ ਸਾਹਮਣੇ ਪੇਸ਼ ਕਰਦਾ ਹਾਂ। ਮੈਂ ਆਪਣਾ ਤਨ ਅਤੇ ਮਨ ਮਨਸੂਬ ਕਰਦਾ ਹਾਂ।
ਨਾਨਕ ਨੇ ਆਖਿਆ ਕਿ ਸੰਤਾਂ ਦੀ ਸੰਗਤ ਵਿੱਚ ਸੱਚ ਮਿਲਦਾ ਹੈ ਅਤੇ ਸਹਿਜ ਨਾਲ ਜਸ ਮਿਲਦਾ ਹੈ।
(ਰਾਗ ਰਾਮਕਲੀ, ਗੁਰੂ ਨਾਨਕ)

# ਚਰਚਾ ਲਈ ਕੁਝ ਨੁਕਤੇ

## ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

### ਐਪੀਸੋਡ ੧੧: ਅਹੰ ਤਵਮ (ਤੋਹੀ ਮੋਹੀ)

ਇਸ ਐਪੀਸੋਡ ਵਿਚਲੀ ਚਰਚਾ ਨਾਲ ਸੰਬੰਧਿਤ ਰੂਪਰੇਖਾ ਤੁਹਾਨੂੰ ਉੱਤਰ-ਪੂਰਬੀ ਭਾਰਤ ਅਤੇ ਬੰਗਾਲ ਵਿਚ ਗੁਰੂ ਨਾਨਕ ਦੀਆਂ ਪਰਿਵਰਤਨਸ਼ੀਲ ਯਾਤਰਾਵਾਂ ਨੂੰ ਡੂੰਘਾਈ ਵਿਚ ਜਾਣਨ ਦਾ ਸੱਦਾ ਦਿੰਦੀ ਹੈ। ਉਨ੍ਹਾਂ ਦੀਆਂ ਯਾਤਰਾਵਾਂ ਦੇ ਅਮੀਰ ਸੰਦਰਭ ਅਤੇ ਦਾਰਸ਼ਨਿਕ ਪਹਿਲੂਆਂ ਦੀ ਪੜਚੋਲ ਕਰਕੇ ਅਸੀਂ ਇਹ ਪਤਾ ਲਗਾਉਂਦੇ ਹਾਂ ਕਿ ਗੁਰੂ ਨਾਨਕ ਨੇ ਸਾਂਸਕ੍ਰਿਤਿਕ ਸਰਹੱਦਾਂ ਨੂੰ ਕਿਵੇਂ ਪਾਰ ਕੀਤਾ ਅਤੇ ਵੱਖ-ਵੱਖ ਭਾਈਚਾਰਿਆਂ ਨਾਲ ਜੁੜ ਕੇ, ਵੱਖ-ਵੱਖ ਧਰਾਤਲਾਂ ਉਪਰ ਆਪਣੇ ਏਕਤਾ ਦੇ ਪੈਗ਼ਾਮ ਨੂੰ ਕਿਵੇਂ ਸਾਂਝਾ ਕੀਤਾ। ਮੂਲਵਾਸੀਆਂ ਅਤੇ ਵੱਖ-ਵੱਖ ਪਰੰਪਰਾਵਾਂ ਨਾਲ ਸੰਬੰਧਿਤ ਰੂਹਾਨੀ ਵਿਅਕਤੀਆਂ ਨਾਲ ਕੀਤੀ ਅਰਥਪੂਰਨ ਵਾਰਤਾਲਾਪ ਉਨ੍ਹਾਂ ਦੇ ਮੂਲ ਸਿਧਾਂਤਾਂ ਦੀ ਅਟੱਲ ਵਿਵਹਾਰਿਕਤਾ ਨੂੰ ਉਬਾਰਦੀ ਹੈ। ਇਨ੍ਹਾਂ ਯਾਤਰਾਵਾਂ ਦਾ ਸਥਾਈ ਪ੍ਰਭਾਵ ਉਨ੍ਹਾਂ ਭਾਈਚਾਰਿਆਂ ਦੀ ਨਿਰੰਤਰ ਮੌਜੂਦਗੀ ਤੋਂ ਸਪਸ਼ਟ ਹੁੰਦਾ ਹੈ ਜੋ ਉਨ੍ਹਾਂ ਦੀ ਫ਼ਲਸਫ਼ੇ ਤੋਂ ਪ੍ਰਭਾਵਿਤ ਹਨ। ਉਹ ਗੁਰੂ ਨਾਨਕ ਨਾਲ ਸੰਬੰਧਿਤ ਯਾਦਗਾਰੀ ਥਾਵਾਂ ਦੀ ਸੇਵਾ ਸੰਭਾਲ, ਅਤੇ ਉਨ੍ਹਾਂ ਦੇ ਗਿਆਨ ਨੂੰ ਕੀਰਤਨ, ਅਨੁਵਾਦ ਅਤੇ ਸਭਿਆਚਾਰਿਕ ਜੁਗਤੀਆਂ ਰਾਹੀਂ ਵੰਡਣ ਦੇ ਅਟਲ ਯਤਨਾਂ ਵਿਚ ਰੁਝੇ ਹੋਏ ਹਨ। ਇਨ੍ਹਾਂ ਚਰਚਾ ਨੁਕਤਿਆਂ ਰਾਹੀਂ ਅਸੀਂ ਇਹ ਪਛਾਣ ਸਕਦੇ ਹਾਂ ਕਿ ਗੁਰੂ ਨਾਨਕ ਦੀਆਂ ਯਾਤਰਾਵਾਂ ਕੋਈ ਸੰਸਾਰਿਕ ਭ੍ਰਮਣ ਨਹੀਂ ਸਨ, ਬਲਕਿ ਉਨ੍ਹਾਂ ਵਿਚ ਰੂਹਾਨੀ ਅਤੇ ਸਾਂਸਕ੍ਰਿਤਿਕ ਆਦਾਨ-ਪ੍ਰਦਾਨ ਦਾ ਡੂੰਘਾ ਰਹੱਸ ਵਿਦਮਾਨ ਸੀ। ਇਹ ਆਦਾਨ-ਪ੍ਰਦਾਨ ਅੱਜ ਵੀ ਉਹਨਾਂ ਸਮਕਾਲੀ ਅਭਿਲਾਖੀਆਂ ਦੇ ਦਿਲਾਂ ਵਿਚ ਗੂੰਜਦੇ ਹਨ ਜੋ ਉਨ੍ਹਾਂ ਦੇ ਕਾਲਹੀਨ ਸਦਭਾਵਨਾ ਸੰਦੇਸ਼, ਸੰਸਾਰਿਕ ਮੋਹ ਤੋਂ ਨਿਰਲੇਪਤਾ ਦੀ ਵਿਚਾਰਧਾਰਾ ਅਤੇ ਹਰੇਕ ਵਿਚ ਵਸਦੀ ਦੈਵੀ ਸਤਾ ਦੇ ਤਤਸਾਰ ਨੂੰ ਸਮਝਣ ਵਿਚ ਰੁਝੇ ਹੋਏ ਹਨ।

## ਇਤਿਹਾਸਕ ਚਰਚਾ ਨੁਕਤੇ:

੧. ਗੁਰੂ ਨਾਨਕ ਦੀ ਉੱਤਰ-ਪੂਰਬੀ ਖੇਤਰ ਵਿਚਲੀ ਯਾਤਰਾ ਤੋਂ ਅਸੀਂ ਕਿਹੜੇ ਕੀਮਤੀ ਤੱਥਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ?

ਐਪੀਸੋਡ ਵਿਚ ਉਲੇਖ ਕੀਤਾ ਗਿਆ ਹੈ ਕਿ ਗੁਵਾਹਾਟੀ ਤੋਂ, ਗੁਰੂ ਨਾਨਕ ਅਤੇ ਭਾਈ ਮਰਦਾਨਾ ਬ੍ਰਹਮਪੁਤ੍ਰਾ ਨਦੀ ਦੇ ਨਾਲ-ਨਾਲ ਧਨਸਿਰੀ ਘਾਟੀ ਵਿਚ ਗੋਲਾਘਾਟ ਤਕ ਗਏ। ਇਸ ਤੋਂ ਬਾਅਦ, ਉਨ੍ਹਾਂ ਨੇ ਜੈਂਤੀਆ ਪਹਾੜੀਆਂ ਨੂੰ ਪਾਰ ਕਰਕੇ ਸਿਲਹਟ ਅਤੇ ਕੋਲਕਾਤਾ ਤਕ ਆਪਣੀ ਯਾਤਰਾ ਜਾਰੀ ਰੱਖੀ। ਉਨ੍ਹਾਂ ਦੇ ਵੱਖ-ਵੱਖ ਭਾਈਚਾਰਿਆਂ ਅਤੇ ਆਤਮਿਕ ਪਰੰਪਰਾਵਾਂ ਨਾਲ ਹੋਏ ਸੰਵਾਦਾਂ ਨੂੰ ਭੁਗੋਲਿਕ ਰੂਪ ਵਿੱਚ ਸਮਝਣ ਨਾਲ ਵੱਖ-ਵੱਖ ਸਭਿਆਚਾਰਾਂ ਦੇ ਵਿਚਾਲੇ ਡੂੰਘੇ ਸੰਬੰਧ ਅਤੇ ਆਪਸੀ ਪ੍ਰਭਾਵ ਕਿਵੇਂ ਉਘੜਦੇ ਹਨ?

੨. ੧੫ਵੀਂ ਸਦੀ ਦੇ ਅਸਾਮ ਦੀ ਖੇਤਰੀ ਸਤਾ ਢਾਂਚੇ ਅਤੇ ਵਿਸ਼ਵਾਸ ਪ੍ਰਣਾਲੀਆਂ ਨੇ ਗੁਰੂ ਨਾਨਕ ਦੇ ਅਨੁਭਵਾਂ ਨੂੰ ਕਿਵੇਂ ਆਕਾਰ ਦਿੱਤਾ?
ਐਪੀਸੋਡ ਵਿਚ ਉਲੇਖ ਕੀਤਾ ਗਿਆ ਹੈ ਕਿ ੧੫ਵੀਂ ਸਦੀ ਵਿੱਚ 'ਅੱਸਾ' ਖੇਤਰ, ਜੋ ਹੁਣ ਅਸਾਮ ਦੇ ਅਧੀਨ ਹੈ, ਅਹੋਮ ਰਾਜਿਆਂ ਦੇ ਸ਼ਾਸਨ ਅਧੀਨ ਸੀ। ਉਹ 'ਸ਼ਕਤੀ', (ਨਾਰੀ ਜੀਵਨ ਊਰਜਾ) ਦੇ ਉਪਾਸਕ ਸਨ। ਇਸ ਸਭਿਆਚਾਰਿਕ ਸੰਦਰਭ ਦੁਆਰਾ, ਗੁਰੂ ਨਾਨਕ ਦੇ ਏਕਤਾ ਸੰਦੇਸ਼ ਨੂੰ ਪ੍ਰਸਾਰਣ ਹਿਤ ਕਿਹੜੀਆਂ ਚੁਣੌਤੀਆਂ ਅਤੇ ਮੌਕੇ ਪੈਦਾ ਹੋਏ ਹੋਣਗੇ?

੩. ਧਨਸਿਰੀ ਘਾਟੀ ਵਿਚ ਨਾਗਾ ਜਾਤੀਆਂ ਨਾਲ ਗੁਰੂ ਨਾਨਕ ਦੇ ਸੰਵਾਦ ਦੀਆਂ ਕੀ ਵਿਸ਼ੇਸ਼ਤਾਵਾਂ ਸਨ?
ਐਪੀਸੋਡ ਅਨੁਸਾਰ, ਸਮਾਜਿਕ ਤੌਰ 'ਤੇ 'ਨਾਗਾ' ਵਾਸੀ ਕਿਸੇ ਵੀ ਬਾਹਰੀ ਵਿਅਕਤੀ ਨੂੰ ਇਕ ਘੁਸਪੈਠੀਏ ਦੇ ਤੌਰ ਤੇ ਅਤੇ ਆਪਣੀ ਸੁਰੱਖਿਆ ਲਈ ਸੰਭਾਵਿਤ ਖ਼ਤਰੇ ਵਜੋਂ ਵੇਖਦੇ ਸਨ। ਡਾ. ਦਲਜੀਤ ਸਿੰਘ ਸੇਠੀ ਸਮਝਾਉਂਦੇ ਹਨ, "ਇਕ ਰੂਹਾਨੀ ਸੰਵਾਦ ਰਾਹੀਂ, ਗੁਰੂ ਨਾਨਕ 'ਨਾਗਾ' ਜਾਤੀਆਂ ਨਾਲ ਟਕਰਾਅ ਨੂੰ ਘੱਟ ਕਰਨ ਵਿੱਚ ਸਫਲ ਰਹੇ। ਉਨ੍ਹਾਂ ਨੇ ਸਮਝਾਇਆ ਅਤੇ ਭਰੋਸਾ ਦਿਵਾਇਆ ਕਿ ਉਨ੍ਹਾਂ ਦੀ ਇਸ ਘਾਟੀ ਦੀ ਯਾਤਰਾ ਦਾ ਉਦੇਸ਼ ਸਿਰਫ਼ ਉਥੋਂ ਦੇ ਵਸਨੀਕਾਂ ਨਾਲ ਸੰਵਾਦ ਕਰਨ ਤਕ ਹੀ ਸੀਮਤ ਸੀ।" ਇਹ ਬਿਰਤਾਂਤ ਗੁਰੂ ਨਾਨਕ ਦੇ ਸਭਿਆਚਾਰਕ ਰੁਕਾਵਟਾਂ ਨੂੰ ਪਾਰ ਕਰਨ ਦੇ ਢੰਗ ਨੂੰ ਕਿਵੇਂ ਦਰਸਾਉਂਦਾ ਹੈ?

੪. ਆਸਾ ਖੇਤਰ ਵਿਚ ਗੁਰੂ ਨਾਨਕ ਅਤੇ ਸ਼ੇਖ ਫਰੀਦ ਦੀ ਮੁਲਾਕਾਤ ਨਾਲ ਕਿਹੜੀ ਇਤਿਹਾਸਕ ਮਹੱਤਤਾ ਜੁੜ ਸਕਦੀ ਹੈ?

'ਵਿਲਾਇਤ ਵਾਲੀ ਜਨਮਸਾਖੀ' ਅਨੁਸਾਰ, ਇਹ ਮੁਲਾਕਾਤ ਇਕ ਮਹੱਤਵਪੂਰਨ ਮੋੜ ਸੀ ਜਦ ਗੁਰੂ ਨਾਨਕ ਸ਼ਾਹ ਜਲਾਲ ਨੂੰ ਮਿਲੇ, ਜੋ ਸ਼ੇਖ ਫਰੀਦ ਦੇ ਰੂਹਾਨੀ ਉਤਰਾਧਿਕਾਰੀ ਸਨ ਤਾਂ ਦੋਵਾਂ ਪ੍ਰਭਾਵਸ਼ਾਲੀ ਹਸਤੀਆਂ ਦੁਆਰਾ ਅਮੀਰ ਰੂਹਾਨੀ ਵਿਰਾਸਤ ਅਤੇ ਆਪਸੀ ਅੰਤਰਸੰਬੰਧਤਾ ਉਪਰ ਤਵੱਜੋ ਦਿੱਤੀ ਗਈ। ਇਹ ਅੰਤਰਧਰਮੀ ਸੰਵਾਦ ਗੁਰੂ ਨਾਨਕ ਦੀਆਂ ਯਾਤਰਾਵਾਂ ਦੇ ਕਿਹੜੇ ਮਹੱਤਵਪੂਰਨ ਪੱਖ ਉਘਾੜਦਾ ਹੈ?

੫. ਸਦੀਆਂ ਦੌਰਾਨ ਗੁਰੂ ਨਾਨਕ ਦੀ ਇਤਿਹਾਸਕ ਮੌਜੂਦਗੀ ਨੇ ਸਥਾਨਕ ਭਾਈਚਾਰਿਆਂ ਨੂੰ ਕਿਵੇਂ ਤਰਾਸ਼ਿਆ ਹੈ?
ਨਾਗਾਂਓ ਵਿਚ, ਲਗਭਗ ੪,੦੦੦ ਸਿਖਾਂ ਦੀ ਇੱਕ ਛੋਟੀ ਪਰ ਮਹੱਤਵਪੂਰਨ ਅਸਾਮੀ ਭਾਈਚਾਰੇ ਦੀ ਹੋਂਦ ਹੈ। ਉਹ ਮਾਨ ਨਾਲ ਆਪਣੇ ਵਡੇਰਿਆਂ ਦੀ ਬੰਸਾਵਲੀ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਦੇ ਉਨ੍ਹਾਂ ਸਿਪਾਹੀਆਂ ਨਾਲ ਜੋੜਦੇ ਹਨ, ਜੋ ਪਹਿਲੀ ਵਾਰ ੧੮੦੦ ਦੇ ਸ਼ੁਰੂਆਤੀ ਦਹਾਕੇ ਵਿਚ ਅਸਾਮ ਆਏ ਸਨ। ਇਹ ਅਮੀਰ ਵਿਰਾਸਤ ਦਰਸਾਉਂਦੀ ਹੈ ਕਿ ਸਮੇਂ ਦੇ ਨਾਲ, ਅਸਾਮੀ ਮੂਲ ਦੇ ਲੋਕਾਂ ਨੇ ਨਾ ਸਿਰਫ਼ ਗੁਰੂ ਨਾਨਕ ਦੇ ਦਰਸ਼ਨ ਨੂੰ ਅਪਣਾਇਆ, ਬਲਕਿ ਇਸਨੂੰ ਆਪਣੀ ਸਭਿਆਚਾਰਕ ਪਛਾਣ ਵਿਚ ਵੀ ਸ਼ਾਮਲ ਕੀਤਾ। ਇਹ ਜਾਣਕਾਰੀ ਸਾਨੂੰ ਉਨ੍ਹਾਂ ਦੀਆਂ ਯਾਤਰਾਵਾਂ ਦੇ ਸਥਾਈ ਪ੍ਰਭਾਵ ਨੂੰ ਸਮਝਣ ਲਈ ਕਿਹੜੇ ਦ੍ਰਿਸ਼ਟੀਕੋਣ ਪ੍ਰਦਾਨ ਕਰਦੀ ਹੈ, ਜੋ ਤਤਕਾਲੀਨ ਇਤਿਹਾਸਕ ਪ੍ਰਸੰਗ ਤੋਂ ਕਿਤੇ ਵੱਧ ਪਸਰੇ ਹੋਏ ਹਨ?

## ਦਾਰਸ਼ਨਿਕ ਚਰਚਾ ਸੰਕੇਤਕ:

੧. "ਅਹਮ ਤ੍ਵਮ" (ਮੈਂ ਤੂੰ ਹਾਂ) ਦੀ ਅਵਧਾਰਣਾ ਗੁਰੂ ਨਾਨਕ ਦੀ ਅਦਵੈਤਵਾਦੀ (ਇਕ ਈਸ਼ਵਰਵਾਦੀ) ਦਰਸ਼ਨਸ਼ਾਸਤਰੀ ਮੂਲ ਭਾਵਨਾ ਨੂੰ ਕਿਵੇਂ ਸੰਭਾਲਦੀ ਹੈ?
ਐਪੀਸੋਡ ਦੀ ਸ਼ੁਰੂਆਤ "'ਅਹਮ ਤ੍ਵਮ', 'ਮੈਂ ਤੂੰ ਹਾਂ', ਇਕ ਵਿਲੱਖਣ ਅਦਵੈਤਵਾਦੀ (ਇਕ ਈਸ਼ਵਰਵਾਦੀ) ਅਟੱਲ ਭਾਵਨਾ ਨੂੰ ਦਰਸਾਉਂਦੀ ਹੈ, ਜਿਸਨੇ ਕਦੇ ਵੀ ਕਿਸੇ ਨੂੰ ਪਰਾਇਆ ਨਹੀਂ ਸਮਝਿਆ।" ਇਹ ਮੌਲਿਕ ਸਿਧਾਂਤ ਉੱਤਰ-ਪੂਰਬੀ ਭਾਰਤ ਅਤੇ ਬੰਗਾਲ ਦੇ ਵੱਖ-ਵੱਖ ਭਾਈਚਾਰਿਆਂ ਨਾਲ ਉਨ੍ਹਾਂ ਦੇ ਸੰਵਾਦਾਂ ਦੀ ਨੀਂਹ ਕਿਵੇਂ ਬਣਦਾ ਹੈ?

੨. ਮੋਹ, ਨਿਰਲੇਪਤਾ ਅਤੇ ਆਨੰਦ ਦੇ ਅਨੁਭਵ ਸੰਬੰਧੀ ਗੁਰੂ ਨਾਨਕ ਨੇ ਕਿਹੜੀ ਸੂਝ ਪ੍ਰਦਾਨ ਕਰਦੇ ਹਨ?

ਗੁਰੂ ਨਾਨਕ ਕਹਿੰਦੇ ਹਨ ਕਿ ਕਿਸੇ ਵੀ ਵਸਤ ਨਾਲ ਖ਼ਾਸ ਲਗਾਵ ਦੁੱਖ ਪੈਦਾ ਕਰਦਾ ਹੈ। ਆਨੰਦ ਪ੍ਰਾਪਤੀ ਲਈ, ਉਹ ਉਨ੍ਹਾਂ ਕਾਰਣਾਂ ਤੋਂ ਉਪਰਾਮ ਹੋਣ ਦੀ ਸਲਾਹ ਦਿੰਦੇ ਹਨ ਜੋ ਸੁੱਖ ਜਾਂ ਦੁੱਖ ਦਿੰਦੇ ਹਨ। ਇਹ ਸਿੱਖਿਆ ਆਧੁਨਿਕ ਮਨੁੱਖੀ ਅਨੁਭਵਾਂ ਉੱਤੇ ਕਿਵੇਂ ਲਾਗੂ ਹੁੰਦੀ ਹੈ?

੩. ਅੰਦਰੂਨੀ ਵਿਕਾਰਾਂ ਵਿਰੁੱਧ ਰੂਹਾਨੀ ਸੰਘਰਸ਼ ਨੂੰ ਗੁਰੂ ਨਾਨਕ ਕਿਵੇਂ ਪੇਸ਼ ਕਰਦੇ ਹਨ?

ਐਪੀਸੋਡ ਵਿੱਚ "ਪੰਜ ਪਹਿਲਵਾਨ - ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ" ਦਾ ਉਲੇਖ ਕੀਤਾ ਗਿਆ ਹੈ। ਗੁਰੂ ਨਾਨਕ ਦੇ ਸਬਦ ਅਨੁਸਾਰ ਪੰਜ ਵਿਕਾਰ ਨਾਲ ਇਕਲਾ ਬਿਨਸਨਹਾਰ ਜੀਵ ਉਲਝ ਰਿਹਾ ਹੈ। ਉਹ ਆਪਣੇ ਮਨ ਅਤੇ ਘਰ ਦੀ ਰੱਖਿਆ ਕਿਵੇਂ ਕਰ ਸਕਦਾ ਹੈ? ਹਰ ਰੋਜ਼ ਉਹ ਉਸ ਨੂੰ ਮਾਰਦੇ ਅਤੇ ਲੁੱਟਦੇ ਹਨ। ਉਹ ਇਸ ਬਾਰੇ ਕਿਸਦੇ ਨਾਲ ਸ਼ਿਕਾਇਤ ਕਰੇ? ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਗੁਰੂ ਨਾਨਕ ਕਿਹੜੇ ਅਭਿਆਸ ਜਾਂ ਮਨੋਬ੍ਰਿਤੀ ਧਾਰਨ ਕਰਨ ਦੀ ਸਲਾਹ ਦਿੰਦੇ ਹਨ?

੪. ਗੁਰੂ ਨਾਨਕ ਦੇ ਰੂਹਾਨੀ ਸੁਨੇਹਿਆਂ ਅਤੇ ਮਹਾਪੁਰਸ਼ ਸ੍ਰੀਮੰਤ ਸ਼ੰਕਰਦੇਵ ਦੇ ਵਿਚਾਰਾਂ ਵਿਚ ਕੀ ਸਾਮਾਨਤਾਵਾਂ ਹਨ?

ਐਪੀਸੋਡ ਵਿਚ ਉਲੇਖ ਹੈ ਕਿ ਮਹਾਪੁਰਸ਼ ਸ੍ਰੀਮੰਤ ਸ਼ੰਕਰਦੇਵ ਪੰਦਰ੍ਹਵੀਂ ਸਦੀ ਵਿਚ ਭਗਤੀ ਅੰਦੋਲਨ ਦੇ ਇਕ ਮਹੱਤਵਪੂਰਨ ਪ੍ਰਵਕਤਾ ਸਨ ਅਤੇ ਗੁਰੂ ਨਾਨਕ ਦੇ ਸਮਕਾਲੀ ਵੀ। ਦੋਵਾਂ ਨੇ ਅਦਵੈਤਵਾਦ ਦਾ ਮਾਰਗ ਤਿਆਰ ਕੀਤਾ, ਦਵੈਤਵਾਦ ਨੂੰ ਨਕਾਰਿਆ, ਜਾਤੀ-ਅਧਾਰਿਤ ਪਦਵੀਆਂ ਦੀ ਆਲੋਚਨਾ ਕੀਤੀ, ਅਤੇ ਨਿਸ਼ਕਾਮ ਸੇਵਾ ਦਾ ਪ੍ਰਚਾਰ ਕੀਤਾ। ਇਹ ਸਾਮਾਨਤਾਵਾਂ ਪੰਦਰ੍ਹਵੀਂ ਸਦੀ ਦੇ ਭਾਰਤ ਵਿਚ ਵਿਆਪਕ ਦਾਰਸ਼ਨਿਕ ਅਤੇ ਸਮਾਜਿਕ ਰੁਝਾਨਾਂ ਨੂੰ ਕਿਵੇਂ ਦਰਸਾਉਂਦੀਆਂ ਹਨ?

੫. ਗੁਰੂ ਨਾਨਕ ਦਾ ਦਰਸ਼ਨ ਧਾਰਮਿਕ ਸੀਮਾਵਾਂ ਤੋਂ ਪਰੇ ਜਾ ਕੇ ਵੱਖ-ਵੱਖ ਦਾਰਸ਼ਨਿਕ ਪਰੰਪਰਾਵਾਂ ਨਾਲ ਕਿਵੇਂ ਸੰਵਾਦ ਸਥਾਪਤ ਕਰਦਾ ਹੈ?

ਸਿਲਹਟ ਵਿਚ ਸ਼ਾਹ ਜਲਾਲ ਦੀ ਦਰਗਾਹ ਦੇ ਸੰਭਾਲਕ ਦਾ ਉਲੇਖ ਹੈ ਕਿ ਪੈਗੰਬਰ ਮੁਹੰਮਦ ਕਹਿੰਦੇ ਹਨ ਕਿ ਇਸ ਬ੍ਰਹਮੰਡ ਵਿਚ ਜੋ ਕੁਝ ਵੀ ਮੌਜੂਦ ਹੈ, ਉਹ ਪਰਮਾਤਮਾ ਵੱਲੋਂ ਰਚਿਆ

ਗਿਆ ਹੈ। ਇਹ ਓਹੀ ਗੱਲ ਹੈ ਜੋ ਅਸੀਂ ਗੁਰੂ ਨਾਨਕ ਦੀਆਂ ਸਿੱਖਿਆਵਾਂ ਵਿੱਚੋਂ ਗ੍ਰਹਿਣ ਕਰਦੇ ਹਾਂ। ਇਹ ਦ੍ਰਿਸ਼ਟੀਕੋਣ ਗੁਰੂ ਨਾਨਕ ਦੇ ਅੰਤਰਧਾਰਮਿਕ ਸੰਵਾਦ ਦੇ ਨਜ਼ਰੀਏ ਨੂੰ ਕਿਵੇਂ ਉਘਾੜਦਾ ਹੈ?